# ਵਤਨੋਂ ਦੂਰ



TELEPHONE: 734-1413
NOVEMBER, 1975
50 CENTS

ਸੰਪਾਦਕ: ਸੁਰਿੰਦਰ ਧੰਜਲ

## We at MONARCH LIFE feel that the words SECURITY and LOVE go hand in hand



T. RAJ KAPAHI C.L.U.
*Unit Supervisor*
Res.: 433-3441

Why? Because, when a man worries about his family's financial future, in essense, their security, that is an expression of his love. However, we know that "financial planning" seems like a very complex term. So, we developed an analyser, which turns the words "financial planning" into a clear concise objective, or what you and your family want! . . . It's called Monogram. Are you worried about your financial security? Maybe Monogram and I can help?



RAVI MATHUR
*Representative*
Res.: 438-2307

# The Monarch Life
**ASSURANCE COMPANY**

**1520 - 777 HORNBY STREET, VANCOUVER 1, B.C. BUS. 684-5322**

# KINGSGATE BODY SHOP

**6856 PALM AVE., BURNABY, B.C.**

- EXPERT BODY COLLISION REPAIRS
- QUALITY PAINT
- COURTESY CARS AVAILABLE

CALL

## AMIR DHANANI

## 434-6608

English, Hindustani & Gujrati languages spoken

LITERARY & CULTURAL MONTHLY OF PANJABI

# THE WATNO DŪR

MAILING ADDRESS:
POST BOX No. 1041
COQUITLAM, B.C. CANADA
V3J 6Z4

OFFICE ADDRESS:
No. 214–1956 WEST BROADWAY
VANCOUVER, B.C. CANADA
V6J 1Z2

VOLUME 3 | SECOND CLASS MAIL REGISTRATION NO. 3233 | NOVEMBER, 1975

FOUNDER:
TARA SINGH HAYER
PUBLISHER:
CHARANJEET SI DHOO
EDITOR:
SURINDER DHANJAL
ADVERTISING EDITOR:
DALJIT TOOR
ART EDITOR:
NIRMAL DHALIWAL

EDITORIAL BOARD:
AJMER SINGH RODEY
BHUPINDER DHALIWAL

CIRCULATION BOARD:
KARAMJIT GHUMAN .................. SURREY
SUKHPAL TALLEWALIA .............. BURNABY
BALBIR DHALIWAL .................. BURNABY
GURCHARAN TALLEWALIA .......... RICHMOND
LATT BHINDER ..................... KAMLOOPS
HARNEK MANN ..................... PR. GEORGE
JOGINDER AULAKH ................ PR. GEORGE
SURDEV JATANA .................... PR. RUPERT
RUPINDER SINGH .................. MONTREAL
RAJ SINGH MANN .................... WINNIPEG
KASHMIRA SINGH CHAMAN .......... CALGARY

SUBSCRIPTIONS:
ANNUAL: $5.00
HALF YEAR: $3.00
ONE COPY: 50 cents

TELEPHONE
734-1413

MONDAY TO FRIDAY
5 p.m. to 8 p.m.

## ਇਸ ਅੰਕ ਵਿੱਚ:

ਕੈਨੇਡਾ:

ਕਵਿਤਾ: ਇਕਬਾਲ ਰਾਮੂਵਾਲੀਆ
'ਸੂਫ਼ੀ' ਅਮਰਜੀਤ 'ਬੱਸੀਆਂ'
ਦਰਸ਼ਨ ਗਿੱਲ
ਕਸ਼ਮੀਰਾ ਸਿੰਘ ਚਮਨ
ਕ੍ਰਿਸ਼ਨ ਸਿੰਘ ਐੱਮ. ਏ.
ਊਧਮ ਰਖਰਾ

ਕਹਾਣੀ: ਤਾਰਾ ਸਿੰਘ ਹੇਅਰ

ਭਾਰਤ:

ਕਹਾਣੀ: ਜਸਵੰਤ ਸਿੰਘ ਵਿਰਦੀ
ਸੁਖਜੀਤ ਤੱਠਲ
ਐੱਮ. ਐੱਸ. ਸੇਠੀ

ਸੰਜੀਵਨੀ ਬੂਟੀ: ਰਮਤਾ ਸੈਲਾਨੀ
ਪਰਤਾਪ ਸਿੰਘ ਐੱਮ. ਏ.

ਮੁੱਖ-ਚਿਤਰ: ਸਿਹਤਮੰਦ ਸਦੀ
ਸਮੁੱਚੇ ਗਲੋਬ ਤੇ ਵੀਹਵੀਂ ਸਦੀ ਦੇ ਜਟਿਲ
ਮਨੁੱਖੀ ਜੀਵਨ ਦਾ ਚਿਹਰਾ
ਪੁਰਾਣੀ ਅੱਖ: ਧਾਤਲ ਢੱਲ, ਮੈਕਾ ਪਰੱਸਤ ਖਾਮੋਸ਼ੀ,
ਮਿਲਾ ਹਾਸਾ, ਅਧੌਤੀ ਸੁਰੱਪਣ, ਸੱਪ
ਫੰਗ ਡੰਗ ਮਾਰਨ ਦੀ ਤਲਾਸ਼ ਵਿਚ
ਨਵੀਂ ਅੱਖ: ਚੜ੍ਹਤ, ਹਨੇਰੇ ਚੀਰਦਾ ਦਿਸ਼ਾ-ਸੰਕੇਤ,
ਗਰਭਵਤੀ ਭਵਿੱਖ, ਸੰਘਰਸ਼ਮਈ
ਕਰੂਪਤਾ, ਰੋਹ 'ਚ ਕਿਰਦੇ ਜਾ ਰਹੇ ਦੰਦ

# ਸੰਬੋਧਨ

ਇਕਬਾਲ ਰਾਮੂਵਾਲੀਆ
(TORONTO, ONTARIO)

ਮੈਂ ਸੰਬੋਧਨ ਹਾਂ... ...
ਮੈਂ ਸੰਬੋਧਨ ਹਾਂ
ਤਿੜਕੇ ਵਕਤ ਤੋਂ ਮੂੰਹ ਮੋੜਦੇ ਕਲਮਾਂ ਦੇ ਦੰਭ ਨੂੰ
ਜੋ ਅਲੂਈਆਂ ਤਲੀਆਂ ਤੇ ਟਪਕਦੇ ਪਸੀਨੇ ਨੂੰ
ਪਲੋਸਦਾ ਰਿਹਾ ਮਿਹਨਤ ਦਾ ਮੋਤੀ ਕਹਿ ਕਹਿ ਕੇ......
ਤੇ ਜਿਸਨੇ ਕਦੇ ਨਹੀਂ ਘੂਰਕੀ
ਬਗਲਾਂ 'ਚ ਉਗੀਆਂ ਦੱਦਾਂ ਤੇ ਖਿਲਰਦੀ ਮੁੜ੍ਹਕੇ ਦੀ ਤੇਜ਼ਾਬੀ ਝੀਲ!
ਤੇ ਜਿਸਨੇ ਕਦੇ ਕਲਪਿਆ ਤੱਕ ਨਹੀਂ
ਥਰੈਸ਼ਰਾਂ ਤੇ ਵਿਲਕਦੀਆਂ ਗਿੱਚੀਆਂ 'ਚ
ਕੰਡ ਦੇ ਟਿੱਬਿਆਂ ਦਾ ਹਰ ਵਰ੍ਹੇ ਉਭਰਦਾ ਮਾਰੂਥਲ!

ਮੈਂ ਸੰਬੋਧਨ ਹਾਂ
ਖਾਦ ਦੀਆਂ ਬੋਰੀਆਂ 'ਚ ਹੀ ਸੁੰਗੜ ਗਈਆਂ
ਜੁਆਨ ਮਾਂ ਦੀ ਛਾਤੀ ਵਰਗੀਆਂ ਭਰਵੀਆਂ ਪੈਲੀਆਂ ਨੂੰ
ਤੇ ਦਾਰੂ ਦੇ ਘੁੱਟਾਂ 'ਚ ਡੁੱਬ ਗਏ ਖੇਤਾਂ ਦੇ ਸੰਸੇ ਨੂੰ!
ਉਸ ਬੇਚੈਨ ਲਹੂ ਨੂੰ
ਜੋ ਸੌਂ ਗਿਆ ਤਿਪੂਆਂ ਵਿੱਚ ਖਲੋਤੇ ਗਿੱਟਿਆਂ ਵਿੱਚ ਉਤਰਕੇ!
ਭੱਠ ਦੀ ਆਵੀ 'ਚ ਇੱਟਾਂ ਰਿਝ ਰਿਝ
ਖੰਘਰ ਹੋਏ ਖੁਰਦਰੇ ਹੱਥਾਂ ਨੂੰ
ਜਿਹਨਾਂ ਜਰਦੇ ਦੀ ਚੁਟਕੀ 'ਚ ਹੀ ਮਸਲ ਦਿੱਤੀ
ਹੱਕਾਂ ਨੂੰ ਸਮਝਣ ਦੀ ਹਰ ਕਾਟਵੀਂ ਦਲੀਲ!

ਮੈਂ ਸੰਬੋਧਨ ਹਾਂ
ਅਖਬਾਰਾਂ ਦੀਆਂ ਸੁਰਖੀਆਂ 'ਚ ਗੁਟਕਦੇ ਗੱਤਕਾ ਬਾਜ਼ਾਂ ਨੂੰ
ਜੋ ਅਸੰਬਲੀ ਦੇ ਥੜ੍ਹਿਆਂ ਤੋਂ ਦੇਂਦੇ ਰਹੇ
ਕਿਸਮਈਆਂ ਨਾਲ ਮੋਰਚਾ ਪਕੜਨ ਦੀ ਸਿੱਖਿਆ!

ਮੈਂ ਸੰਬੋਧਨ ਹਾਂ —
ਚਿਠੀਆਂ 'ਚ ਪਿਘਲਕੇ
ਮਹਿਬੂਬ ਦੇ ਬਟੂਏ 'ਚ ਦਫ਼ਨ ਗਈ ਭਖਦੀ ਜੁਆਨੀ ਨੂੰ!
ਕਲਫ਼ ਲੱਗੀਆਂ ਦਾਹੜੀਆਂ ਦੀ
ਲੁਕ ਲੁਕਕੇ ਰੋਂਦੀ ਨਿਮੋਸ਼ ਸਫ਼ੈਦੀ ਨੂੰ!
ਇਸਤਰੀ ਕੀਤੀਆਂ ਕਮੀਜ਼ਾਂ 'ਚ ਧੜਕਦੇ
ਖ਼ਾਕ ਵਾਂਗੂੰ ਛਣ ਗਏ ਲਿਤੜੇ ਹਿਰਦਿਆਂ ਨੂੰ!
ਸ਼ਿੰਗਿਆਰ ਵਰਗੀ ਸੁਰਖੀ 'ਚ ਛੁਪੀਆਂ
ਬੁੱਲ੍ਹਾਂ ਦੀਆਂ ਜੁਆਨ ਝੁਰੜੀਆਂ ਨੂੰ!
ਡੋਂਪੜੇ ਪਟਿਆਂ ਵਿਚ ਬੈਠੇ ਸੁੰਨ ਹੋ ਚੁਕੇ ਦਿਮਾਗਾਂ ਨੂੰ!
ਬਾਪੂ ਦੇ ਘਾਂਦਰਾਂ ਦੀ ਕਥਾ ਦਸੇਂਦੇ ਅਧਿਆਪਕ ਦੇ ਅੰਦਰਲੇ ਖੌਰੂ ਨੂੰ!
ਹੜਤਾਲ ਦੇ ਦਿਨੀਂ ਬੀਮਾਰੀ ਦੇ ਬਹਾਨੇ ਵਰਤੀਆਂ ਛੁੱਟੀਆਂ ਨੂੰ......
ਮੈਂ ਇਹਨਾਂ ਸਭ ਨੂੰ ਸੰਬੋਧਨ ਹਾਂ!

ਮੇਰੀ ਵਿਆਕੁਲਤਾ ਸੁਆਲ ਕਰਦੀ ਹੈ
ਕਿ ਕਿਉਂ ਸਮਝੌਤੇ ਵਿਚੋਂ ਬਦਲ ਲਈ ਜਾਂਦੀ ਹੈ
ਕਰਫ਼ਿਊ ਦੇ ਐਲਾਨ ਵਰਗੀ ਜ਼ਿੰਦਗੀ?
ਤੇ ਮਰਦਮ-ਸ਼ੁਮਾਰੀ ਵਿਚੋਂ ਦਰਜ ਹੋ ਜਾਣਾ
ਕਿਉਂ ਮੰਨ ਲਿਆ ਜਾਂਦਾ ਹੈ ਸ਼ਹਿਰੀਅਤ ਦਾ ਵਧੀਆ ਸਬੂਤ?
ਕੌਮੀ ਤਰਾਨੇ ਦੇ ਪਹਿਲੇ ਬੋਲਾਂ ਤੇ ਹੀ
ਕਿਉਂ ਕੰਨ ਚੁਕ ਲੈਂਦੀਆਂ ਨੇ
ਰੋੜਾਂ ਵਾਲੀ ਦਾਲ ਨੂੰ ਚੁਗ ਚੁਗ ਕਰਦੀਆਂ ਚਿੱਟੀਆਂ ਐਨਕਾਂ?
ਤਿੱਪੂਆਂ ਦੀ ਧੱਕ-ਮੁੱਧਕਾ ਭੀੜ ਤੋਂ
ਕਿਉਂ ਸੰਜਮ ਦੀ ਮੰਗ ਕਰਦੀ ਹੈ
ਆਂਦਰਾਂ ਵਿਚ ਰੜਕਦੀ ਚੀਸ ਵਰਗੀ ਖ਼ੁਸ਼ਕ ਰੋਟੀ ਦੀ ਪੀੜ?
ਗੋਲੀ ਚੱਲਣ ਦੀ ਲਹੂ-ਲੁਹਾਣ ਖਬਰ ਨੂੰ
ਕਿਉਂ ਖਿੱਚ ਲੈਂਦੀ ਹੈ ਖੱਦਰ ਦੀ ਚਿੱਟੀ ਜੈਕਟ
ਕਿਉਂ ਸਾਡੇ ਸਭ ਦੇ ਗਲਮਿਆਂ 'ਚ ਲਟਕ ਜਾਂਦਾ ਹੈ
ਲਾਲ ਕਿਲੇ 'ਚ ਝੰਡਾ ਝੁਲੇਂਦਾ ਸੰਗਲੀ ਵਰਗਾ ਭਾਸ਼ਨ?

ਜੇਲ੍ਹਾਂ 'ਚ ਸੜਦੀਆਂ ਕਲਮਾਂ ਦੇ ਜੁਬਾੜਿਆਂ ਤੇ ਪੈਰ ਧਰਕੇ
ਕਿਉਂ ਮੰਤਰੀ ਦੇ ਗੋਡਿਆਂ ਤੀਕ ਚੜ੍ਹ ਜਾਂਦੇ ਨੇ ਗ਼ਜ਼ਲਾਂ ਦੇ ਪੌਦੇ?
ਕਿਉਂ ਖੁੰਡੀਆਂ ਕਿਰਪਾਨਾਂ ਵਰਗੇ ਸੁਆਲ
ਮੇਰੇ ਮੱਥੇ 'ਚ ਵੱਜਦੇ ਨੇ ਮੁੜ ਮੁੜ
ਤੇ ਮੈਂ ਸੰਬੋਧਨ ਹਾਂ ਮੇਰੇ ਮਿੱਤਰੋ!!

# ਗਾਂਧੀ ਜੀ

'ਸੂਫ਼ੀ' ਅਮਰਜੀਤ 'ਬੱਸੀਆਂ'
(VANCOUVER, B.C.)

ਮੋਹਨ ਦਾਸ ਕਰਮ ਚੰਦ ਗਾਂਧੀ
ਇਹ ਮਾਪਿਆਂ ਨੇ ਨਾਂ ਸੀ ਧਰਿਆ!
ਬਹੁਤੇ ਆਖ 'ਮਹਾਤਮਾ'
ਆਪਣੇ ਦਿਲ ਦਾ ਪਿਆਰ ਸੀ ਭੇਟਾ ਕਰਦੇ।
ਨਿੱਕੇ ਵੱਡੇ ਚੇਲੇ-ਬਾਲੇ, ਸਾਰੇ ਹੀ ਬਾਪੂ ਸੀ ਕਹਿੰਦੇ।
ਪਰ ਸਰਕਾਰੀ ਭਾਸ਼ਾ ਦੇ ਵਿੱਚ, "ਕੌਮੀ ਬਾਪੂ" ਕਹਿਣਾ ਪੈਂਦਾ।

ਚਰਚਲ ਨੇ ਇਕ ਵਾਰੀ ਕਿੰਨੀ, ਮਾੜੀ ਗੱਲ ਇਹ ਆਖੀ ਹੱਸੀ:
"ਇਹ ਤਾਂ ਇਕ ਮੱਕਾਰ ਪੁਰਸ਼ ਹੈ, ਐਵੇਂ ਲੋਕ ਮਹਾਤਮਾ ਆਖਣ"।
ਡਾਂਗੇਵਾਦੀ ਗਾਂਧੀ ਜੀ ਨੂੰ
'ਹਿੰਦੁਸਤਾਨੀ ਲੈਨਿਨ' ਕਹਿਕੇ, ਗਾਂਧੀ ਜੀ ਦੀ ਹੇਠੀ ਕਰਦੇ;
ਦੱਸੋ ਭਲਾ ਕਿ ਲੈਨਿਨ ਕਿੱਦਾਂ, 'ਗਾਂਧੀ ਜੀ' ਦੇ ਤੁਲ ਹੋ ਗਿਆ?

ਇਹ ਵੀ ਸੁਣਨ, ਪੜ੍ਹਨ ਵਿੱਚ ਆਇਆ
ਕਿ ਗਾਂਧੀ ਜੀ ਇੰਦਰਾ ਤਾਈਂ, ਨਿੱਕੀ ਹੁੰਦਿਆਂ
ਬਾਹਲਾ ਹੀ ਸੀ ਪਿਆਰ ਕਰੇਂਦੇ!
ਬਿਰਲਾ, ਬਿਰਲੇ ਮੰਦਰ ਵਾਲਾ; ਗਾਂਧੀ ਜੀ ਦਾ ਅਨਿਨ ਭਗਤ ਸੀ

ਭੁੱਖੇ, ਔਖੇ, ਵਿਹਲੇ, ਕਾਮੇ; ਖਤਰਨਾਕ ਤੇ ਭੂਸਰੇ ਹੋਏ ਲੋਕਾਂ ਕੋਲੋਂ
ਬਿਰਲੇ ਤੇ ਬਿਰਲੇ ਵਰਗਿਆਂ ਦੀ ਰਾਖੀ ਕਰਨਾ
ਇੰਦਰਾ ਜੀ ਦਾ ਪਰਮ ਧਰਮ ਹੈ।

ਗਾਂਧੀ ਜੀ ਦੇ ਜਨਮ-ਦਿਵਸ ਤੇ
ਇੰਦਰਾ ਜੀ ਦੇ 'ਰਾਜ' ਦੇ ਵੇਲੇ
ਹੋਰ ਵਡੇਰੀ, ਅਮਲੀ-ਸ਼ਰਧਾ
ਕਿਹੜੀ ਭੇਟਾ, ਹੋ ਸਕਦੀ ਹੈ!?!

## ਪਛੜੇਤ

ਦਰਸ਼ਨ ਗਿੱਲ
(TERRACE, B.C.)

ਮੈਂ ਪਗ-ਡੰਡੀ ਤੇ ਚਲਦਾ ਚਲਦਾ,
ਖੜੋ ਗਿਆ ਹਾਂ।
ਸੜਕ ਤੇ ਤੁਰਨ ਦੀ ਮਨਾਹੀ
ਮੈਨੂੰ ਮੁਢ-ਕਦੀਮ ਤੋਂ ਹੈ।

ਤੈਨੂੰ ਵੀ ਸਾਹਾਂ ਦੀ ਸੜਕ ਤੇ ਤੁਰਨਾ ਵਿਰਾਸਤ
ਮੈਨੂੰ ਪਹਿਲਾਂ ਹੀ ਹੈ
ਖ਼ਲਾਅ ਵਿੱਚ ਭਟਕਣ ਦੀ ਆਦਤ!

ਜਦ ਸੜਕ ਨੇ ਆਪਣੇ ਤੇ ਤੁਰਨ ਤੋਂ ਵਰਜਿਆ,
ਮੈਂ ਪਗ-ਡੰਡੀ ਅਪਣਾ ਲਈ!
ਪਰ ਇਸਦੀ ਹੋਂਦ ਵੀ
ਹੁਣ ਹੋ ਗਈ ਸੀਮਤ!
ਪਗ-ਡੰਡੀ ਵੀ ਆਪਣਾ ਸਫ਼ਰ ਖ਼ਤਮ ਕਰ ਚੁੱਕੀ ਹੈ।

ਮੈਂ ਕਦੀ ਸੜਕ ਵੱਲ, ਕਦੀ ਪਗ-ਡੰਡੀ ਵੱਲ,
ਤੱਕਦਾ ਹਾਂ;
ਫਿਰ ਵੀ ਤੋਰ ਤੋਰ!

ਆਖ਼ਰ ਮੈਂ ਚਲਦਾ ਚਲਦਾ
ਖੜੋ ਗਿਆ ਹਾਂ!

## ਹਾਉਕਿਆਂ ਦੇ ਬੀਜ

ਕਸ਼ਮੀਰਾ ਸਿੰਘ ਚਮਨ
(CALGARY, ALBERTA)

ਹਾਉਕਿਆਂ ਦੇ ਬੀਜ ਬੀਜਾਂ
ਗ਼ਮਾਂ ਦੀ ਕਿਆਰੀ ਵਿੱਚ
ਸੋਗ ਦੀਆਂ ਲਾਵਾਂ ਮੈਂ
ਪਨੀਰੀਆਂ!

ਹਾਸੇ ਨੇ ਅਲੋਪ ਹੋਏ
ਸੱਧਰਾਂ ਦੇ ਫੁੱਲ ਮੋਏ
ਬੰਜਰਾਂ 'ਚ ਰੋਈਆਂ
ਟਹਿਣੀਆਂ!

ਉਮਰ ਨਿਆਣੀ ਤਾਈਂ
ਸੌਂਗ ਕੇ ਨਿਆਣੇ ਜਿਗਰਾ
ਦਿਸੇ ਨਾ ਹਕੀਮ ਐਸਾ
ਜੱਗ ਤੇ;

ਲੋਕਾਂ ਦੇ ਦੁਆਲਿਆਂ ਤੇ
ਵੱਜੇ ਸ਼ਹਿਨਾਈ ਕਿੱਤੇ
ਪੱਲੇ ਸਾਡੇ ਪੈ ਗਈਆਂ
ਫਕੀਰੀਆਂ!

## ਬਿਰਹੋਂ-ਸੱਦ

ਕਿਸ਼ਨ ਸਿੰਘ ਐੱਮ.ਏ.
(VANCOUVER, B.C.)

ਸੁੰਨ ਮਸੁੰਨੀਆਂ ਤੱਕੀਆਂ ਗਲੀਆਂ
ਸਾਰੀ ਤੇਰੇ ਸ਼ਹਿਰ ਦੀਆਂ
ਤੇਰਾ ਪਤਾ ਕਿਤੋਂ ਨਾ ਲੱਭਿਆ
ਰਸਕਾਂ ਅੱਠੇ ਪਹਿਰ ਦੀਆਂ।

ਦੀਨੂ ਮੁੰਡਾਸਾ ਪਜੇ ਤੇ ਡਿੱਲੀ
ਘੁੰਮਣਘੇਰੀਂ ਅਟਕ ਗਈ
ਨਾਲ ਦੀਆਂ ਸਭ ਤਰਨ ਬਨਾਵਾਂ
ਵੱਛਿਆਂ ਉੱਤੇ ਤੈਰ ਦੀਆਂ।

ਠੇਡੇ ਖਾ ਖਾ ਸਾਰ ਸਭ ਮੁੱਕਿਆ
ਢੋਈ ਕਿਤੋਂ ਨਾ ਲੱਭੀ ਵੇ
ਤੇਰੇ ਦਰ ਤੇ ਡਿਗਿਆਂ ਦੀ ਅੱਜ
ਨਜ਼ਰਾਂ ਤੱਕੀਆਂ ਕਹਿਰ ਦੀਆਂ।

ਤੇਰੇ ਬਾਝੋਂ ਪਲ ਦੀ ਜੀਣਾ
ਬੀਤੇ ਸਦੀਆਂ ਵਾਂਗੂ ਵੇ
ਬਿਰਹੋਂ-ਪੌਣਾਂ ਪਾ ਪਾ ਲੰਘਣ
ਅੱਖੀਂ ਮੁੱਠਾਂ ਗਹਿਰ ਦੀਆਂ।

ਜਿੰਦ ਨਿਮਾਣੀ ਲੁੱਛ ਲੁੱਛ ਕਰਦੀ
ਬਿਨ ਤੇਰੇ ਨਾ ਜੀਵੇ ਵੇ
ਹੈ ਕੋਈ ਦਰਦੀ ਦਰਦ ਵੰਡਾਵੇ
ਪਿਆਵੇ ਘੁਟਲਾਂ ਜ਼ਹਿਰ ਦੀਆਂ।

## ਗੱਲਾਂ

ਊਧਮ ਰਘਰਾ
(B.C.)

ਮੈਨੂੰ ਪੁਛਦੇ ਹੋ ਲੋਕੋ ਮੇਰੇ ਯਾਰਾਂ ਦੀਆਂ ਗੱਲਾਂ।
ਭੇਦ ਭਰੀਆਂ ਨੇ ਮੇਰੇ ਦਿਲਦਾਰਾਂ ਦੀਆਂ ਗੱਲਾਂ।

ਤੁਸੀਂ ਛੱਡੋ ਪਰੇ ਜਾਉ! ਰੰਗ ਰਲੀਆਂ ਮਨਾਉ!!
ਮੇਰੇ ਕੋਲ ਤਾਂ ਨੇ ਪਾਟੇ ਹੋਏ ਲੰਗਾਰਾਂ ਦੀਆਂ ਗੱਲਾਂ।

ਜਿੰਨ੍ਹਾਂ ਕੰਡਿਆਂ ਦੇ ਨਾਲ ਮੇਰਾ ਦਿਲ ਪਰਚਾਇਆ,
ਆਪੂੰ ਹੋਰਾਂ ਨਾਲ ਕਰਨ ਬਹਾਰਾਂ ਦੀਆਂ ਗੱਲਾਂ।

ਜਿਸ ਬਗੀਆ ਦੇ ਫੁੱਲ, ਸੁਕ ਜਾਣ ਸਾਰੇ ਦੱਸੋ,
ਬਾਗਬਾਨ ਕਰ ਸਕਦੈ ਸ਼ਿੰਗਾਰਾਂ ਦੀਆਂ ਗੱਲਾਂ?

ਤੁਸੀਂ ਪ੍ਰੀਤ ਦੀਆਂ ਗੱਲਾਂ ਫੁੱਲਾਂ ਭੌਰਿਆਂ ਤੋਂ ਪੁੱਛੋ
ਮੇਰੇ ਕੋਲ ਤਾਂ ਨੇ ਦੱਸਣੇ ਨੂੰ ਖਾਰਾਂ ਦੀਆਂ ਗੱਲਾਂ।

# ਕੁਲਸ਼ੇਤਰ

ਤਾਰਾ ਸਿੰਘ ਹੇਅਰ
(SURREY, B.C.)

ਸਰਦਾਰਨੀ ਬੜੇ ਦਿਨਾਂ ਤੋਂ ਕੁਰੂਕਸ਼ੇਤਰ ਦੇ ਸੂਰਜ ਗ੍ਰਹਿਣ ਦੇ ਮੇਲੇ ਦੀ ਉਡੀਕ ਵਿਚ ਸੀ। ਸੰਤਾਨ ਪ੍ਰਾਪਤ ਕਰਨ ਲਈ ਉਸ ਕੀ ਹੀਲਾ ਨਹੀਂ ਸੀ ਕੀਤਾ। ਕਿਸੇ ਉਹਨੂੰ ਦਸਿਆ ਕਿ ਕੁਰੂਕਸ਼ੇਤਰ ਦੇ ਸੂਰਜ ਗ੍ਰਹਿਣ ਦੇ ਮੌਕੇ ਤੇ ਜਾ ਕੇ ਦਾਨ ਪੁੰਨ ਕਰੇ ਤੇ ਇਸ਼ਨਾਨ ਕਰੇ। ਉਸ ਦੀ ਮੁਰਾਦ ਜ਼ਰੂਰ ਪੂਰੀ ਹੋਵੇ ਗੀ। ਕਰਨਾਲ ਦੇ ਨੇੜੇ ਉਨ੍ਹਾਂ ਦਾ ਬੜਾ ਵੱਡਾ ਫ਼ਾਰਮ ਸੀ। ਇੰਨੀ ਵੱਡੀ ਜਾਇਦਾਦ ਦਾ ਕੋਈ ਵਾਰਿਸ ਨਹੀਂ ਸੀ। ਸਾਰੀ ਜ਼ਮੀਨ ਸ਼ਰੀਕਾਂ ਨੇ ਹੜਪ ਕਰ ਜਾਣੀ ਸੀ। ਇਸ ਲਈ ਸਰਦਾਰਨੀ ਨੇ ਕੁਰੂਕਸ਼ੇਤਰ ਨਹਾਉਣ ਦਾ ਫ਼ੈਸਲਾ ਵੀ ਕਰ ਲਿਆ। ਸ਼ਾਇਦ ਰੱਬ ਉਸ ਦੀ ਸੁਣ ਹੀ ਲਵੇ

ਤੜਕੇ ਸਵੇਰ ਤੋਂ ਉਹ ਆਪ ਦੋ ਗਵਾਂਢਣਾਂ ਨਾਲ ਰੋਟੀਆਂ ਪਕਾਉਂਦੀ ਰਹੀ। ਪਰਾਤ ਭਰ ਗਈ। ਹਲਵਾਈ ਨੇ ਇਕ ਪਰਾਤ ਕੜਾਹ ਦੀ ਤਿਆਰ ਕਰ ਦਿੱਤੀ। ਦੋਨਾਂ ਚਕ ਕੇ ਕਾਰ ਵਿਚ ਰਖ ਦਿੱਤਾ ਗਿਆ। ਸਰਦਾਰ ਤੇ ਸਰਦਾਰਨੀ ਵੇਲੇ ਸਿਰ ਕੁਰੂਕਸ਼ੇਤਰ ਲਈ ਰਵਾਨਾ ਹੋ ਪਏ।

ਸੂਰਜ ਗ੍ਰਹਿਣ ਲਗ ਚੁਕਾ ਸੀ।

ਲੋਕ ਦਾਨ-ਪੁੰਨ ਕਰ ਰਹੇ ਸਨ।

ਸਰਦਾਰ ਦੀ ਕਾਰ ਨੂੰ ਸੈਂਕੜੇ ਮੰਗਤਿਆਂ ਨੇ ਘੇਰ ਲਿਆ।

"ਬੀਬੀ ਜੀ ਮੈਨੂੰ ! ਬੀਬੀ ਜੀ ਮੈਨੂੰ !!" ਆਪਣੇ ਹੱਥ ਟੱਡੀ ਅਣੇਕਾਂ ਨੰਗੇ ਜਿਸਮਾ ਤੇ ਪਾਟੇ ਕਪੜਿਆਂ ਵਾਲੇ ਬੱਚੇ ਔਰਤਾਂ ਤੇ ਮਰਦ ਲਲਚਾਈਆਂ ਨਜ਼ਰਾਂ ਨਾਲ ਪਰਾਤਾਂ ਵੱਲ ਤਕ ਰਹੇ ਸਨ।

"ਤੇਰੀ ਮੁਰਾਦ ਪੂਰੀ ਹੋਵੇ ਬੀਬੀ !"

"ਰੱਬ ਤੈਨੂੰ ਬੱਚਾ ਦੇਵੇ ਸਰਦਾਰਨੀ !!"

"ਭਗਵਾਨ ਭਲਾ ਕਰੇ ਸਰਦਾਰ ਜੀ !!!"

ਕਿੰਨੀਆਂ ਹੀ ਆਵਾਜ਼ਾਂ ਸਰਦਾਰ ਤੇ ਸਰਦਾਰਨੀ ਦੇ ਕੰਨਾਂ ਵਿਚ ਪੈ ਰਹੀਆਂ ਸਨ। ਨਾਂਗਿਆਂ ਦੀ ਇਸ ਭੀੜ ਨੂੰ ਵੇਖ ਕੇ ਉਹ ਘਬਰਾ ਗਏ ਸਨ। ਸਰਦਾਰਨੀ ਭੋਜਨ ਵੰਡ ਰਹੀ ਸੀ ਪਰ ਉਹਨੂੰ ਇੰਜ ਲਗਦਾ ਸੀ ਜਿਵੇਂ ਉਹ ਉਸ ਦੀ ਪਰਾਤ ਖੋਹ ਲੈਣ ਗੇ। ਉਸ ਦੇ ਹੱਥਾਂ ਨੂੰ ਵੀ ਖਾ ਜਾਣ ਗੇ।

"ਕਤਾਰ ਵਿਚ ਬੈਠੋ" ਸਰਦਾਰ ਕੋਸ਼ਿਸ਼ ਕਰ ਰਿਹਾ ਸੀ। ਕੁਝ ਮੰਗਤੇ ਕਤਾਰ ਵਿਚ ਖੜੇ ਹੋ ਗਏ ਪਰ ਬਾਕੀਆਂ ਨੇ ਸਰਦਾਰਨੀ ਨੂੰ ਝੁਰਮਟ ਪਾਇਆ ਹੋਇਆ ਸੀ। ਉਸ ਅਜੇ ਪੰਜਾਂ ਦਸਾਂ ਨੂੰ ਹੀ ਰੋਟੀਆਂ ਦਿੱਤੀਆਂ ਹੋਣ ਗੀਆਂ ਕਿ ਉਸ ਲਈ ਪਰਾਤ ਨੂੰ ਸਭਣਾ ਔਖਾ ਹੋ ਗਿਆ। ਆਖ਼ਰ ਕਿੰਨੀਆਂ ਕੁ ਰੋਟੀਆਂ ਸੈਂਕੜੇ ਮੰਗਤਿਆਂ ਨੂੰ ਕਿਵੇਂ ਦਿੱਤੀਆਂ ਜਾ ਸਕਦੀਆਂ ਸਨ। ਕਤਾਰ ਵਿਚ ਕੋਈ ਖੜਾ ਹੋਣ ਲਈ ਤਿਆਰ ਨਹੀਂ ਸੀ। ਤ੍ਰੇਲੋਂ ਤ੍ਰੇਲੀ ਹੋਈ ਸਰਦਾਰਨੀ ਨੇ ਪਰਾਤ ਸਿਰ ਤੇ ਰਖ ਲਈ। ਸਰਦਾਰ ਵੀ ਉਸ ਕੋਲ ਹੀ ਆ ਗਿਆ। ਉਸ ਪਰਾਤ ਲੈ ਕੇ ਕਾਰ ਦੇ ਟੱਬ ਵਿਚ ਰਖ ਦਿੱਤੀ ਤੇ ਟੱਬ ਬੰਦ ਕਰ ਦਿੱਤਾ।

ਨਾਂਗਿਆਂ ਦੀ ਹਾਹਾਕਾਰ ਜਾਰੀ ਸੀ।

ਰੌਲਾ ਸੁਣ ਕੇ ਇਕ ਪੁਲੀਸ ਅਧਿਕਾਰੀ ਉੱਧਰ ਆ ਗਿਆ। ਸਰਦਾਰ ਤੇ ਸਰਦਾਰਨੀ ਨੂੰ ਮੰਗਤਿਆਂ ਵਿਚ ਘਿਰਿਆ ਵੇਖ ਕੇ ਇਹਦਾ ਕਾਰਣ ਪੁਛਿਆ। ਫਿਰ ਉਸ ਉਨ੍ਹਾਂ ਨੂੰ ਸਲਾਹ ਦਿੱਤੀ ਕਿ ਉਹ ਸਾਰਾ ਭੋਜਨ ਸੇਵਾ-ਸੰਮਤੀ ਦੇ ਲੰਗਰ ਵਿਚ ਜਾ ਕੇ ਦੇ ਆਉਣ। ਸਰਦਾਰਨੀ ਨੇ ਕਾਰ ਵਿਚ ਬਹਿ ਕੇ ਸੁੱਖ ਦਾ ਸਾਹ ਲਿਆ ਪਰ ਮੰਗਤਿਆਂ ਦੇ ਤਰਲੇ ਭਰੇ ਹੱਥ ਫਿਰ ਵੀ ਉਸ ਵੱਲ ਵਧੇ ਰਹੇ।

"ਤੇਰੇ ਕੁਲਸ਼ੇਤਰ ਪੂਰੇ ਹੋਣ ਬੀਬੀ ! ਦੇ ਜਾ ਕੁਝ ਭੁੱਖਿਆਂ ਨੂੰ" ਇਕ ਬੁੱਢੀ ਜਿਹੀ ਮੰਗਤੀ ਨੇ ਕਿਹਾ ਜਿਹੜੀ ਜਨਮ-ਜਨਮਾਂਤਰਾਂ ਤੋਂ ਭੁੱਖੀ ਜਾਪਦੀ ਸੀ।

"ਉੱਥੇ ਸੇਵਾ-ਸੰਮਤੀ ਦੇ ਲੰਗਰ ਕੋਲ ਆ ਜਾਓ," ਸਰਦਾਰਨੀ ਨੇ ਆਖਿਆ।

"ਉੱਥੇ ਕੌਣ ਦਿੰਦਾ ਹੈ ਬੀਬੀ ਸਾਨੂੰ ! ਤੂੰ ਇੱਥੇ ਹੀ ਦੇ ਜਾ ਸਾਨੂੰ। ਰੱਬ ਤੇਰਾ ਭਲਾ ਕਰੇ।" ਬੁੱਢੀ ਮੰਗਤੀ ਤਰਲੇ

ਕਰਦੀ ਰਹੀ।

ਕਾਰ ਚਾਰੇ ਪਾਸੇ ਤੋਂ ਮੰਗਤਿਆਂ ਨਾਲ ਘਿਰੀ ਹੋਈ ਸੀ। ਸਰਦਾਰ ਵੀ ਮੋਟਰ ਵਿਚ ਆਣ ਬੈਠਾ। ਉਹ ਹਾਰਨ ਤੇ ਹਾਰਨ ਦੇ ਰਿਹਾ ਸੀ ਪਰ ਕੋਈ ਸੁਣਦਾ ਹੀ ਨਹੀਂ ਸੀ। ਪੋਲੀਸ ਅਧਿਕਾਰੀ ਨੇ ਦੋ ਸਿਪਾਹੀਆਂ ਨੂੰ ਸਦਿਆ। ਉਨ੍ਹਾਂ ਨੇ ਡੰਡਿਆਂ ਨਾਲ ਮੰਗਤਿਆਂ ਨੂੰ ਕਾਰ ਤੋਂ ਪਰੇ ਹਟਾਇਆ। ਸਰਦਾਰ ਨੇ ਕਾਰ ਸਟਾਰਟ ਕੀਤੀ ਤੇ ਪੋਲੀਸ ਅਧਿਕਾਰੀ ਦੇ ਦੱਸ ਅਨੁਸਾਰ ਸੇਵਾ-ਸੰਮਤੀ ਦੇ ਲੰਗਰ ਵਲ ਚਲ ਪਏ।

ਸ਼ੁਕਰ ਸ਼ੁਕਰ ਕਰ ਕੇ ਸਰਦਾਰ ਤੇ ਸਰਦਾਰਨੀ ਨੇ ਸੇਵਾ-ਸੰਮਤੀ ਦਾ ਲੰਗਰ ਲਭਿਆ। ਚਿੱਟੇ-ਦੁੱਧ ਕਪੜੇ ਪਾਈ ਸੇਵਾਦਾਰ ਆਪੋ ਆਪਣੇ ਕੰਮ ਵਿਚ ਮਸਤ ਸਨ। ਬਹੁਤ ਦੇਰ ਤਕ ਜਦੋਂ ਕਿਸੇ ਸਰਦਾਰ ਤੇ ਸਰਦਾਰਨੀ ਵੱਲ ਧਿਆਨ ਹੀ ਨਾ ਦਿੱਤਾ ਤਾਂ ਸਰਦਾਰ ਨੇ ਪੁਛਿਆ, "ਕੀ ਸੇਵਾ-ਸੰਮਤੀ ਦਾ ਲੰਗਰ ਇਹੋ ਹੀ ਹੈ?"

"ਹੋਰ ਤੁਹਾਨੂੰ ਕੋਈ ਗੁਰਦੁਆਰਾ ਲਗਦਾ ਏ?" ਗੱਦੀ ਤੇ ਬੈਠੇ ਇਕ ਮੋਟੇ ਜਿਹੇ ਲਾਲੇ ਨੇ ਕਿਹਾ। ਸਰਦਾਰ ਨੂੰ ਇੰਜ ਲਗਿਆ ਜਿਵੇਂ ਕਿਸੇ ਉਸ ਨੂੰ ਤਾੜ ਕਰਦੀ ਇਕ ਚਪੇੜ ਜੜ ਦਿੱਤੀ ਹੋਵੇ।

"ਮੇਰਾ ਮਤਲਬ ਸੀ ਮੈਂ......" ਸਰਦਾਰ ਹੈਰਾਨ ਸੀ ਕਿ ਉਸ ਨੂੰ ਕੀ ਆਖੇ।

"ਮੈਂ ਤੁਹਾਡਾ ਮਤਲਬ ਖ਼ੂਬ ਸਮਝਦਾਂ। ਜੇ ਰੋਟੀ ਖਾਣੀ ਹੈ ਤਾਂ ਉਸ ਕਤਾਰ ਵਿਚ ਖੜੇ ਹੋ ਜਾਵੋ। ਵਾਰੀ ਆ ਹੀ ਜਾਵੇ ਗੀ ਨਹੀਂ ਤਾਂ ਗੁਰਦੁਆਰੇ ਦਾ ਰਾਹ ਫੜੋ।" ਲਾਲੇ ਨੇ ਮੂੰਹ ਦੂਜੇ ਪਾਸੇ ਕਰਦਿਆਂ ਜਵਾਬ ਦਿੱਤਾ।

"ਪਰ ਅਸੀਂ ਤਾਂ ਅੰਨ-ਦਾਨ ਕਰਨ ਆਏ ਹਾਂ।" ਉਹ ਬੜੀ ਮੁਸ਼ਕਿਲ ਨਾਲ ਆਖ ਸਕਿਆ।

"ਹਾਂ, ਹਾਂ, ਲਿਆਓ। ਕਿੰਨੇ ਦੀ ਪਰਚੀ ਕੱਟਾਂ।" ਲਾਲੇ ਨੇ ਇਕ ਰਸੀਦ-ਬੁਕ ਆਪਣੇ ਅੱਗੇ ਕਰਦਿਆਂ ਆਖਿਆ।

"ਨਹੀਂ ਜੀ, ਅਸੀਂ ਤਾਂ ਭੋਜਣ ਪਕਾ ਕੇ ਲਿਆਏ ਹਾਂ।"

"ਨਾ, ਨਾ, ਅਸੀਂ ਪਕਿਆ ਭੋਜਨ ਨਹੀਂ ਲੈਂਦੇ। ਉੱਥੇ ਜਾ ਕੇ ਮੰਗਤਿਆਂ ਨੂੰ ਦੇ ਦਿਓ।"

"ਤੁਸੀਂ ਇੱਥੇ ਮੰਗਤਿਆਂ ਨੂੰ ਭੋਜਨ ਨਹੀਂ ਦਿੰਦੇ?"

"ਬਿਲਕੁਲ ਨਹੀਂ। ਸੇਵਾ-ਸੰਮਤੀ ਦਾ ਲੰਗਰ ਸਿਰਫ਼ ਤੀਰਥ-ਯਾਤ੍ਰੀਆਂ ਲਈ ਹੈ। ਇੱਥੇ ਤਾਂ ਤੁਸੀਂ ਰੁਪਏ ਪੈਸੇ ਦਾ ਦਾਨ ਹੀ ਕਰ ਸਕਦੇ ਹੋ। ਸਾਨੂੰ ਕੀ ਪਤਾ ਤੁਸੀਂ ਕੌਣ ਹੋ? ਅਸੀਂ ਤੁਹਾਥੋਂ ਪਕਿਆ ਭੋਜਨ ਨਹੀਂ ਲੈ ਸਕਦੇ।"

ਸਰਦਾਰ ਨਿੰਮੋਝੂਣਾ ਹੋਇਆ ਪਿਛਾਹ ਪਰਤ ਆਇਆ। ਲੰਗਰ ਦੇ ਬਾਹਰ ਉਸ ਵੇਖਿਆ ਕਿ ਇਕ ਬੜੀ ਲੰਮੀ ਲਾਈਨ ਲੱਗੀ ਹੋਈ ਸੀ। ਅਖ਼ੀਰਲੇ ਬੰਦੇ ਦੀ ਵਾਰੀ ਤਾਂ ਸ਼ਾਇਦ ਪੰਜ ਘੰਟੇ ਬਾਅਦ ਆਵੇ। ਹੁਣ ਉਨ੍ਹਾਂ ਗੁਰਦੁਆਰੇ ਦਾ ਰੁਖ਼ ਕੀਤਾ।

ਕਾਰ ਗੁਰਦੁਆਰੇ ਤੋਂ ਬਾਹਰ ਖੜੀ ਕਰ ਕੇ ਸਰਦਾਰ ਤੇ ਸਰਦਾਰਨੀ ਅੰਦਰ ਚਲੇ ਗਏ। ਮੱਥਾ ਟੇਕਿਆ ਤੇ ਬਹਿ ਗਏ। ਸੰਗਤ ਕੋਈ ਬਹੁਤੀ ਨਹੀਂ ਸੀ। ਭਾਈ ਜੀ ਵਿਖਿਆਨ ਕਰ ਰਹੇ ਸਨ। "ਅਸੀਂ ਐਤਕੀਂ ਸੇਵਾ-ਸੰਮਤੀ ਨਾਲੋਂ ਲੰਗਰ ਵਧ ਚਲਾਉਣਾ ਹੈ। ਜੋ ਵੀ ਗੁਰੂ ਕੇ ਘਰ ਆਉਂਦਾ ਹੈ, ਅਸੀਂ ਉਸ ਨੂੰ ਪ੍ਰਸ਼ਾਦ ਛਕਾ ਕੇ ਭੇਜਣਾ ਹੈ। ਗੁਰੂ ਦੀ ਸੰਗਤ ਦਾ ਫ਼ਰਜ਼ ਹੈ ਕਿ ਵਧ ਤੋਂ ਵਧ ਮਾਇਆ ਦੇ ਗੱਫੇ ਦੇਵੇ ਤਾਂ ਜੋ ਲੰਗਰ ਮੇਲੇ ਦੇ ਅਖ਼ੀਰ ਤਕ ਅਟੁੱਟ ਚਲਦਾ ਰਹੇ।"

ਸੰਗਤ ਵੱਲੋਂ ਦਾਨ ਦੇ ਦਮੜੇ ਇਕੱਠੇ ਕਰਨੇ ਸ਼ੁਰੂ ਹੋਏ। ਸਰਦਾਰ ਨੇ ਸੇਵਾਦਾਰ ਨੂੰ ਪਕੇ ਹੋਏ ਭੋਜਨ ਬਾਰੇ ਪੁਛਿਆ। ਜਵਾਬ ਮਿਲਿਆ ਕਿ ਉਹ ਮਾਇਆ ਦਾਨ ਹੀ ਕਰ ਸਕਦੇ ਹਨ। ਲੰਗਰ ਵਿਚ ਪਕਿਆ ਭੋਜਨ ਹੀ ਵਰਤਾਇਆ ਜਾਂਦਾ ਹੈ ਉੱਥੇ। ਸਰਦਾਰ ਤੇ ਸਰਦਾਰਨੀ ਗਿਆਰਾਂ ਰੁਪਏ ਦਾਨ ਕਰ ਕੇ ਬਾਹਰ ਆ ਗਏ।

ਸਰਦਾਰਨੀ ਇਸ਼ਨਾਨ ਲਈ ਕਾਹਲੀ ਸੀ। ਨਾਲੇ ਉਸ ਦੀ ਗਵਾਂਢਣ ਨੇ ਕਿਹਾ ਸੀ ਕਿ ਆਪਣੇ ਹੱਥੀਂ ਦਾਨ ਕਰੇ ਤਾਂ ਉਸ ਦੀ ਮੁਰਾਦ ਪੂਰੀ ਹੋਵੇ ਗੀ।

"ਮੈਂ ਕਿਹਾ ਜੀ, ਅਸੀਂ ਮੰਗਤਿਆਂ ਨੂੰ ਹੀ ਵੰਡ ਦਿੰਨੇ ਹਾਂ ਰੋਟੀਆਂ।" ਉਸ ਸਰਦਾਰ ਨੂੰ ਸਲਾਹ ਦਿੱਤੀ।

"ਕੋਈ ਲੋੜ ਨਹੀਂ ਇਨ੍ਹਾਂ ਜੂਠਾਂ ਨੂੰ ਦੇਣ ਦੀ। ਅਸੀਂ ਗੁਰਦੁਆਰੇ ਦਾਨ ਕਰ ਹੀ ਚੱਲੇ ਹਾਂ। ਇਨ੍ਹਾਂ ਲੋਕਾਂ ਨੂੰ ਲੈਣਾ ਵੀ ਨਹੀਂ ਆਉਂਦਾ।" ਸਰਦਾਰ ਨੇ ਕਾਰ ਨੂੰ ਸਰੋਵਰ ਵਲ ਲਿਜਾਂਦਿਆਂ ਕਿਹਾ।

"ਪਰ ਮੈਂ ਤਾਂ ਆਪਣੇ ਹੱਥੀਂ......"

"ਉੱਥੇ ਦੇ ਦੇਈਂ ਕੰਮੀਆਂ ਨੂੰ ਆਪਣੇ ਹੱਥੀਂ। ਇੱਥੇ ਤਾਂ ਇਹ ਨਾਂਗੇ ਤੈਨੂੰ ਪਾਗਲ ਕਰ ਦੇਣ ਗੇ। ਦਫ਼ਾ ਕਰ ਸੂ ਪਰ੍ਹਾਂ।" ਸਰਦਾਰ ਨੇ ਬੇਰੁਖ਼ੀ ਨਾਲ ਜਵਾਬ ਦਿੱਤਾ।

ਜਦੋਂ ਇਹ ਦੋਵੇਂ ਇਸ਼ਨਾਨ ਕਰ ਕੇ ਮੁੜੇ ਤਾਂ ਸੈਂਕੜੇ ਭੁੱਖੇ ਨੰਗੇ ਲੋਕ ਬਾਹਰ ਖੜੇ ਸਨ......ਮੁੱਢ ਕਦੀਮ ਤੋਂ ਭੁੱਖੇ, ਨੰਗੇ ਤੇ ਮਜਬੂਰ। ਉਨ੍ਹਾਂ ਦੀ ਕਾਰ ਨੂੰ ਫਿਰ ਕਈ ਮੰਗਤਿਆਂ ਨੇ ਘੇਰਿਆ ਹੋਇਆ ਸੀ ਪਰ ਉਨ੍ਹਾਂ ਦਾ ਭੋਜਨ ਟੱਬ ਵਿਚ ਬੰਦ ਪਿਆ ਸੀ—ਉਨ੍ਹਾਂ ਦੀਆਂ ਨਜ਼ਰਾਂ ਤੋਂ ਅਦ੍ਰਿਸ਼ਟ। ਜਦੋਂ ਕਾਰ ਤੁਰੀ ਤਾਂ ਇਕ ਨੰਗਾ-ਮੁਨੰਗਾ ਬੱਚਾ ਥੱਲੇ ਆਉਣੋਂ ਮਸੇਂ ਮਸੇਂ ਬਚਿਆ। ਉਸ ਦਾ ਕੌਲਾ ਪਰੇ ਜਾ ਪਿਆ। ਉਸ ਵਿਚ ਪਏ ਰੋਟੀ ਦੇ ਟੁਕੜੇ ਜ਼ਮੀਨ 'ਤੇ ਡਿਗ ਪਏ।

ਭਰੀਆਂ ਪਰਾਤਾਂ ਵਾਲੀ ਕਾਰ ਜਾ ਚੁਕੀ ਸੀ।


# FILM EXHIBITORS

1. OLYMPIA THEATRE:
BOMBAY GOLDEN FILMS
(255-2920, 437-6766)
2. YORK THEATRE:
EVERGREEN FILMS
(255-6729, 255-0141)
3 METRO THEATRE:
S & S PICTURES LTD.
(325-8343, 266-7191)

# BOMBAY CURRY RESTAURANT

**3934 MAIN STREET (23rd AVE.), VANCOUVER, B.C.**

**PHONE: 874-5722**

**½lb. SWEETS, FREE WITH 4 lb. SWEET-PURCHASE**

ਦੀਵਾਲੀ ਦੇ ਤਿਉਹਾਰ ਤੇ 4 ਪੌਂਡ ਮਿਠਾਈ ਖਰੀਦਣ ਸਮੇਂ ਅੱਧਾ ਪੌਂਡ ਮਿਠਾਈ ਮੁਫ਼ਤ!

**FOR TAKE AWAY AND EAT THERE,**
**MOUTH WATERING SWEETS:**
**Mesu, Patisa, Besan, Barfi, Gajarpak, Laddo, Padha, Gulab jamun, Rasgoole, Badana, Jalebi, Amratiyan, Shakerpare, Namkeen Bhujiya and many many more.**

**CHICKEN CURRY, BEEF CURRY, VEGETABLE LAMB, CHICKEN TANDOORI (SERVED WITH SALAD & RICE PILLAU), FRESH GREEN BEANS & POTATOES, MIXED VEGETABLE.**

*The Ultimate in Highclass SPICY FOODS with 22 Years experience begind it*

---

**FOR WEDDING & PARTY CATERING CONTACT K. S. PABLA (Res. 874-1644)**

---

NEEDED AN EXPERIENCED SWEET COOK – $800 PER MONTH – PHONE!

800 ਡਾਲਰ ਪਤੀ ਮਹੀਨਾ ਤਨਖਾਹ ਤੇ ਸਾਨੂੰ ਇਕ ਤਜਰਬੇਕਾਰ ਹਲਵਾਈ ਦੀ ਲੋੜ ਹੈ। ਫੋਨ ਕਰੋ !!

# LONDON FASHION STORE

4393 Main Street
(at 28th Avenue)
Vancouver, B.C.



Phone:
Business:
876-7515
Residence:
879-3401

**IMPORTERS, EXPORTERS, WHOLESALER, RETAILERS – INDIA's NOVELTIES – JEWELLERY**

**SPECIALISTS IN: Sarees; Shirts; Ladies, Gents and Childrens Knitwear, all kinds of fabrics.**

**MANAGER: SARBJIT SINGH AWLA**

ਲੰਡਨ .ਫੈਸਨ ਸਟੋਰ, ਵੈਨਕੂਵਰ

# ਘਰ

(ਸੁਦਰਸ਼ਨ ਪਾਰਕ ਦੇ ਭਾਨ ਸਿੰਘ ਦੇ ਨਾਂ!)

ਜਸਵੰਤ ਸਿੰਘ ਵਿਰਦੀ

ਨਵੰਬਰ ੧੯੬੬, ਸੁਦਰਸ਼ਨ ਪਾਰਕ !

ਵਾਤਾਵਰਣ ਦੇ ਸਾਗਰ ਵਿਚ ਜਦੋਂ ਸੂਰਜ ਦੇ ਡੁੱਬਣ ਨਾਲ ਸਲੋਨੀ ਸੰਝ ਉਭਰ ਰਹੀ ਸੀ ਤਾਂ ਭਾਨ ਸਿੰਘ ਡੁੱਬਦੇ ਉਭਰਦੇ ਵਿਚਾਰਾਂ ਵਿਚ ਵਿਚਰਦਾ ਟੁੱਟੀਆਂ ਭੱਜੀਆਂ ਇੱਟਾਂ ਤੇ ਕੰਕਰਾਂ 'ਕਠੀਆਂ ਕਰ ਰਿਹਾ ਸੀ। ਉਸ ਵੇਲੇ ਉਹਦੇ ਕੋਲ ਉਹਦੀ ਘਰ ਵਾਲੀ ਪ੍ਰੀਤੋ ਪਰਛਾਵੇਂ ਵਾਂਗ ਖਲੋਤੀ ਸੀ।

ਹਨੇਰਾ ਫੈਲ ਰਿਹਾ ਸੀ।

ਇਸ ਫੈਲਰਦੇ ਹਨੇਰੇ ਵਿਚ ਤਾਂ ਬੰਦੇ ਦਾ ਪਰਛਾਵਾਂ ਵੀ ਉਹਦਾ ਸਾਥ ਨਹੀਂ ਦਿੰਦਾ। ਪਰ ਪ੍ਰੀਤੋ ਲਗਾਤਾਰ ਉਹਦੇ ਕੋਲ ਖਲੋਤੀ ਸੀ।

ਡਮੋਲਿਸ਼ਿੰਗ ਸਕੁਐਡ ਵਾਲੇ ਛੱਤ ਪੈਣ ਤੋਂ ਪਹਿਲਾਂ ਪਹਿਲਾਂ ਉਨ੍ਹਾਂ ਦਾ ਘਰ ਢਾਹ ਗਏ ਸਨ ਤੇ ਘੜੀ ਪਲ ਨੂੰ ਘਰ ਦੀ ਸ਼ਕਲ ਸੂਰਤ ਧਾਰਨ ਵਾਲਾ ਮੈਟੀਰੀਅਲ ਹੁਣ ਮਲਬੇ ਦੀ ਹਾਲਤ ਵਿਚ ਖਿੰਡਿਆ ਪਿਆ ਸੀ। ਸਾਹ ਸਤ-ਹੀਨ।

ਸ਼ਾਮ ਡੁੱਬ ਰਹੀ ਸੀ, ਪਰ ਭਾਨ ਸਿੰਘ ਦੇ ਵਿਚਾਰ ਨਹੀਂ। ਉਹ ਆਪਣੇ ਖਰ੍ਹਵੇ ਹੱਥਾਂ ਨਾਲ ਇੱਟਾਂ ਇਕ ਪਾਸੇ ਨੂੰ ਸੁਟਦਾ ਜਾ ਰਿਹਾ ਸੀ ਤੇ ਕੰਕਰਾਂ ਦੂਸਰੇ ਪਾਸੇ।

ਉਸ ਵੇਲੇ ਦੋ ਬੰਦੇ ਪਰਛਾਵਿਆਂ ਵਾਂਗ ਉਨ੍ਹਾਂ ਦੇ ਨੇੜੇ ਆਏ —

ਇਕ — ਤੁਹਾਨੂੰ ਕਿਹਾ ਸੀ ਕਿ ਅਜ ਕੰਮ ਨਾ ਸ਼ੁਰੂ ਕਰੋ। ਅੱਜ ਢਾਹੁਣ ਵਾਲਿਆਂ ਦਾ ਖ਼ਾਸ ਦਿਨ ਹੈ।

ਦੂਸਰਾ — ਜਾਂ ਫੇਰ ਸੂਰਜ ਦੀ ਧੁੱਪ ਵਿਚ ਘਰ ਬਣਾਉਣਾ ਹੀ ਹੈ ਤਾਂ ਓਵਰਸੀਅਰ ਨੂੰ ਖ਼ੁਸ਼ ਕਰੋ।

ਭਾਨ ਸਿੰਘ ਕੁਝ ਨਹੀਂ ਬੋਲਿਆ।

ਪ੍ਰੀਤੋ — ਓਵਰਸੀਅਰ ਨੂੰ ਖ਼ੁਸ਼ ਕਰੋ ?

ਪਹਿਲਾ ਆਦਮੀ — ਹਾਂ।

ਪ੍ਰੀਤੋ — ਕਿਉਂ ? ਜ਼ਮੀਨ ਅਸੀਂ ਮੁੱਲ ਲਈ, ਇੱਟਾਂ ਭੱਠੇ ਦੀਆਂ ਖ਼ਰੀਦੀਆਂ।

ਭਾਨ ਸਿੰਘ — ਤੇ ਮਿਹਨਤ ਮੇਰੀ!

ਦੂਸਰਾ ਆਦਮੀ — ਫੇਰ ਵੀ ਜਦੋਂ ਤਕ ਓਵਰਸੀਅਰ ਖ਼ੁਸ਼ ਨਾ ਹੋਵੇ, ਕਮਰਾ ਬਣਨਾ ਔਖਾ ਹੈ।

ਭਾਨ ਸਿੰਘ — ਮੈਂ ਤਾਂ ਇਵੇਂ ਹੀ ਬਣਾਵਾਂਗਾ, ਕੁਝ ਦਿਤੇ ਬਿਨਾਂ ਹੀ।

ਦੂਸਰਾ ਆਦਮੀ — ਠੀਕ ਹੈ.. ਅਸੀਂ ਵੀ ਇਹੋ ਹੀ ਚਾਹੁੰਦੇ ਹਾਂ। ਸਾਡੀ ਸੇਵਾ ਦੀ ਲੋੜ ਹੋਈ ਤਾਂ ਦਸਣਾ !

ਜਦੋਂ ਉਹ ਜਾਣ ਲਗੇ ਤਾਂ ਪਹਿਲਾ ਬੋਲਿਆ — "ਇਨ੍ਹਾਂ ਨੂੰ ਸਾਡੀ ਸੇਵਾ ਦੀ ਕੋਈ ਲੋੜ ਨਹੀਂ......"

ਪ੍ਰੀਤੋ ਨੇ ਉਨ੍ਹਾਂ ਦੇ ਮਗਰੇ ਆਵਾਜ਼ ਭੇਜੀ — "ਬੰਦੇ ਨੂੰ ਬੰਦੇ ਦੀਆਂ ਲੋੜਾਂ ਤਾਂ ਰਹਿੰਦੀਆਂ ਹੀ ਨੇ ....."

ਜਦੋਂ ਉਹ ਚਲੇ ਗਏ ਤਾਂ ਭਾਨ ਸਿੰਘ ਨੇ ਪ੍ਰੀਤੋ ਨੂੰ ਚੁੱਪ ਕਰਨ ਦਾ ਇਸ਼ਾਰਾ ਕੀਤਾ। ਉਹਨੇ ਸੈਣਤ ਨਾਲ ਕਿਹਾ — "ਇਹ ਸਰਕਾਰੀ ਬੰਦੇ ਨੇ !"

ਪ੍ਰੀਤੋ — ਕੀ ਮਤਲਬ ?

ਭਾਨ ਸਿੰਘ — ਇਹ ਓਵਰਸੀਅਰ ਨਾਲ ਦੇ ਹੀ ਨੇ !

ਪ੍ਰੀਤੋ — ਫੇਰ ਕੀ ਹਊ ?

ਭਾਨ ਸਿੰਘ — ਕੁਝ ਨਹੀਂ। ਹੋਣਾ ਕੀ ਐ......ਮੈਂ ਇਹ ਘਰ ਬਣਾ ਕੇ ਰਵ੍ਹਾਂਗਾ।

ਪ੍ਰੀਤੋ — ਮੈਨੂੰ ਸਮਝ ਨਹੀਂ ਆਉਂਦੀ ਕਿ ਇਹ ਲੋਕ ਮਕਾਨ ਢਾਹੁੰਦੇ ਕਿਉਂ ਨੇ !

ਭਾਨ ਸਿੰਘ ਕੁਝ ਨਹੀਂ ਬੋਲਿਆ ਤੇ ਇੱਟਾਂ ਕੰਕਰਾਂ ਨੂੰ ਅਲਗ ਅਲਗ ਰਖਦਾ ਰਿਹਾ। ਸ਼ਾਇਦ ਸੋਚਦਾ ਹੋਵੇ ਕਿ ਬੰਦਾ ਘਰ ਬਣਾਉਂਦਾ ਹੀ ਕਿਉਂ ਹੈ ?

"ਗਾਰਾ ਬਣਾ ਬਈ ਗਾਰਾ !" ਉਹਨੇ ਸਤਾਰ੍ਹਾਂ ਵਰ੍ਹਿਆਂ ਦੇ ਵੱਡੇ ਪੁੱਤਰ ਦੀਸ਼ੇ ਨੂੰ ਕਿਹਾ। ਦੀਸ਼ਾ ਕਹੀ ਫੜ ਕੇ ਗਾਰਾ ਠੀਕ ਕਰਨ ਲਗਾ।

"ਮੈਂ ਹੁਣੇ ਹੀ ਫੇਰ ਸ਼ੁਰੂ ਕਰਾਂਗਾ" ਭਾਨ ਸਿੰਘ ਨੇ ਕਿਹਾ।

"ਭਾਪਾ ਜੀ ਸਵੇਰੇ ਸ਼ੁਰੂ ਕਰਿਉ !" ਸੱਤੋ ਨੇ ਕਿਹਾ। ਉਹ ਪੰਦਰ੍ਹਵੇਂ ਵਰ੍ਹੇ ਵਿਚ ਹੋ ਗਈ ਸੀ, ਪਰ ਦੇਖਣ ਨੂੰ ਦੋ ਵਰ੍ਹੇ ਵੱਡੀ ਹੀ ਦਿਸਦੀ ਸੀ।

ਭਾਨ ਸਿੰਘ ਬੋਲਿਆ, "ਰਾਤੋ ਰਾਤ ਤਾਂ ਮੈਂ ਕਿੰਨੀ ਹੀ ਉਸਾਰੀ ਕਰ ਲੈਣੀ ਹੈ।"

ਪ੍ਰੀਤੋ — ਕਲ੍ਹ ਪਤਾ ਨਹੀਂ ਤੁਸੀਂ ਕਿਸ ਦਾ ਮੂੰਹ ਦੇਖ ਕੇ ਉਸਾਰੀ ਸ਼ੁਰੂ ਕੀਤੀ ਸੀ।

ਭਾਨ ਸਿੰਘ — ਮੂੰਹ ਕੋਈ ਵੀ ਭੈੜਾ ਨਹੀਂ ਹੁੰਦਾ !

ਪ੍ਰੀਤੋ — ਫੇਰ ਸਾਡੀ ਕਿਸਮਤ ਈ —

ਭਾਨ ਸਿੰਘ — ਇਹ ਗੱਲ ਮੈਨੂੰ ਨਾ ਆਖ। ਮੇਰਾ ਤਾਂ ਕਿਰਤ ਵਿਚ ਵਿਸ਼ਵਾਸ ਹੈ।

ਹੁਣ ਤਕ ਭਾਨ ਸਿੰਘ ਦਾ ਜੋੜੀਦਾਰ ਗੁਰਦੇਵ ਵੀ ਆ ਗਿਆ ਸੀ। ਉਹ ਆਪਣੇ ਘਰੋਂ ਇਸ ਸਾਰੇ ਪਰਿਵਾਰ ਲਈ ਰੋਟੀ ਲਿਆਇਆ ਸੀ...... । ਸਾਰਿਆਂ ਨੇ ਬੈਠ ਕੇ ਰੋਟੀ ਖਾਧੀ ਤੇ ਫੇਰ ਭਾਨ ਸਿੰਘ ਨੇ ਇਕ ਤਿੱਖੀ ਨਜ਼ਰ ਨਾਲ ਪ੍ਰੀਤੋ ਵਲ ਤੱਕਿਆ, ਜਿਸ ਦਾ ਮਤਲਬ ਸੀ ਕਿ ਚਾਹ ਜ਼ਰੂਰ ਬਣਨੀ ਚਾਹੀਦੀ ਹੈ — ਕਰਾਰੀ ਚਾਹ। ਚਾਹ ਦਾ ਉਹ ਬੜਾ ਆਸ਼ਕ ਸੀ। ਖ਼ਾਸ ਕਰ ਕੇ ਉਸਾਰੀ ਵੇਲੇ।

"ਮੈਂ ਚਾਹ ਦਾ ਪਾਣੀ ਪਹਿਲਾਂ ਹੀ ਰਖ ਦਿਤਾ ਸੀ।"

ਭਾਨ ਸਿੰਘ (ਗੁਰਦੇਵ ਨੂੰ) — ਦੇਖਿਆ ! ਔਰਤ ਦੀ ਸੋਚ ਬੜੀ ਅਗੇਤਰੀ ਹੁੰਦੀ ਹੈ......ਮੈਂ ਕਿਹਾ ਸੀ ਨਾ......ਕੀ ਕਿਹਾ ਸੀ ਮੈਂ ?"

"ਸੱਤੋ ਜਾਹ ਦੁੱਧ ਪਾ ਕੇ ਚਾਹ ਲਾਹ ਲਿਆ।" ਪ੍ਰੀਤੋ ਨੇ ਕਿਹਾ ਤੇ ਆਪ ਭਾਂਡੇ ਚੁਕਣ ਚਲੀ ਗਈ। ਉਹਨੇ ਘਰ ਬਣਨ ਤੋਂ ਪਹਿਲਾਂ ਹੀ ਆਪਣੇ ਮਨ ਵਿਚ ਘਰ ਉਸਾਰਿਆ ਹੋਇਆ ਸੀ।

ਚਾਹ ਪੀਣ ਤੋਂ ਬਾਅਦ ਫੇਰ ਸਾਰੇ ਹੀ ਕੰਮ ਵਿਚ ਜੁਟ ਗਏ। ਭਾਨ ਸਿੰਘ ਤੇ ਗੁਰਦੇਵ ਚਿਣਾਈ ਕਰ ਰਹੇ ਸਨ। ਦੀਸ਼ਾ ਗਾਰਾ ਬਣਾ ਰਿਹਾ ਸੀ ਤੇ ਪ੍ਰੀਤੋ ਗਾਰੇ ਦੀ ਤਗਾਰੀ ਭਰ ਭਰ ਕੇ ਫੜਾ ਰਹੀ ਸੀ। ਸੱਤੋ ਤੇ ਛੋਟਾ ਛਿੰਦਾ ਇੱਟਾਂ ਦੀ ਸਪਲਾਈ ਪੂਰੀ ਕਰ ਰਹੇ ਸਨ।

ਕਈ ਵਰ੍ਹਿਆਂ ਤੋਂ ਜ਼ਿਮੀਦਾਰ ਜ਼ਮੀਨ ਵੇਚਦੇ ਆਏ ਤੇ ਲੋਕ ਘਰ ਬਣਾਉਂਦੇ ਆਏ ਸਨ, ਪਰ ਹੁਣ ਕਿਉਂਕਿ ਸ਼ਹਿਰ ਦੀ ਆਬਾਦੀ ਕਾਫ਼ੀ ਵਧ ਗਈ ਸੀ, ਇਸ ਲਈ ਨਗਰ ਪਾਲਿਕਾ ਕੋਈ ਵੀ ਮਕਾਨ ਨਹੀਂ ਸੀ ਬਣਾਨ ਦਿੰਦੀ ਤੇ ਬਣਦੇ ਘਰਾਂ ਨੂੰ ਢਾਹੁਣ ਲਈ ਡਮੈਲਿਸ਼ਿੰਗ ਸਕੁਐਡ ਬਣਾ ਲਿਆ ਗਿਆ ਸੀ। ਨਗਰ ਦੇ ਪਾਲਕਾਂ ਨੇ ਆਪਣੇ ਰਿਸ਼ਤੇਦਾਰਾਂ 'ਚੋਂ ਸਭ ਬੇਕਾਰ ਲੋਕ ਇਸ ਸਕੁਐਡ ਵਿਚ ਭਰਤੀ ਕਰ ਲਏ ਸਨ... । ਦਿੱਲੀ ਵਿਚ ਘਰ ਉਸਾਰਨ ਦਾ ਕੰਮ ਜਿਸ ਸਰਕਾਰੀ ਸੰਸਥਾ ਕੋਲ ਸੀ, ਉਹ ਹਾਲੇ ਕਈ ਸਾਲਾਂ ਤੋਂ ਸੜਕਾਂ ਦੇ ਨਕਸ਼ਿਆਂ ਨੂੰ ਹੀ ਢਾਹ ਬਣਾ ਰਹੀ ਸੀ ਤੇ ਲੋਕਾਂ ਦੀ ਪੰਜ ਲੱਖ ਵਸੋਂ ਨੇ ਸਿਰ ਲੁਕਾਣ ਲਈ ਆਪਣੇ ਘਰਾਂ ਦਾ ਪ੍ਰਬੰਧ ਆਪ ਕਰਨਾ ਸ਼ੁਰੂ ਕਰ ਦਿਤਾ ਸੀ। ਭਵਨ ਨਿਰਮਾਣ ਵਿਭਾਗ ਦੇ ਕਰਮਚਾਰੀ ਵੀ ਲੋਕਾਂ ਨੂੰ ਸਹਿਯੋਗ ਦਿੰਦੇ ਸਨ, ਪਰ ਕੁਝ ਸ਼ਰਤਾਂ ਤੇ — ਕੁਝ ਅਜਿਹੀਆਂ ਸ਼ਰਤਾਂ ਜਿਨ੍ਹਾਂ ਅਧੀਨ ਲੋਕਾਂ ਦੀਆਂ ਜੇਬਾਂ ਉਨ੍ਹਾਂ ਦੇ ਕੁਰਤਿਆਂ ਨਾਲ ਜਾ ਚਿਪਕਦੀਆਂ ਸਨ। ਬਾਕੀ ਰਹਿ ਜਾਂਦੇ ਸਨ ਭਾਨ ਸਿੰਘ ਵਰਗੇ ਜੇਬ-ਹੀਨ।

ਕਮਰੇ ਦੀਆਂ ਕੰਧਾਂ ਉਸਰ ਰਹੀਆਂ ਸਨ ਤੇ ਭਾਨ ਸਿੰਘ ਵਾਰ ਵਾਰ ਆਵਾਜ਼ ਦਿੰਦਾ — "ਗਾਰਾ ਲਿਆਉ ਬਈ! ਜਲਦੀ ਕਰੋ! ਇੱਟਾਂ ਵੀ ਮੁਕਦੀਆਂ ਜਾਂਦੀ ਨੇ...ਨ੍ਹੇਰੇ ਵਿਚ ਤਾਂ ਸਾਅਲ ਵੀ ਨਹੀਂ ਦਿਸਦੀ .. ਗੁਰਦੇਵ ਸਿਆਂ ਤੂੰ ਸੁਸਤ ਚਲ ਰਿਹਾ ਏਂ! ਇਹ ਸੁਸਤੀ ਦਾ ਟੈਮ ਨਹੀਂ......"

ਰਾਤ ਦੇ ਹਨੇਰੇ 'ਚ ਸੌ ਗਜ ਦੇ ਉਸ ਪਲਾਟ ਵਿਚ ਬੜੀ ਹਲ ਚਲ ਸੀ, ਬੇਚੈਨੀ ਸੀ। ਹਰ ਬੰਦਾ ਇਕ ਦੂਸਰੇ ਵਲ ਤੇ ਫੇਰ ਵਿਰੋਧੀ ਦਿਸ਼ਾ ਵਲ ਦੌੜ ਭਜ ਕਰ ਰਿਹਾ ਸੀ...... । ਅੱਧੀ ਰਾਤ ਤਕ ਕਮਰੇ ਦੀਆਂ ਕੰਧਾਂ ਖਿੜਕੀਆਂ ਤੇ ਅਲਮਾਰੀਆਂ ਦੇ ਲੈਂਟਰ ਤਕ ਪਹੁੰਚ ਗਈਆਂ ਸਨ।

ਪ੍ਰੀਤੋ — ਬਸ ਕਰੋ ਹੁਣ ਲੈਂਟਰ ਸਵੇਰੇ ਪਾ ਲਿਉ।

ਭਾਨ ਸਿੰਘ — ਸਵੇਰ ਕਿਨ੍ਹੇ ਦੇਖੀ ਐ!

ਸੱਤੋ — ਭਾਪਾ ਜੀ ਅਗੇ ਤੁਸੀਂ ਅਲਮਾਰੀ ਕੋਈ ਨਹੀਂ ਸੀ ਰਖੀ।

ਪ੍ਰੀਤੋ — ਤੇ ਹੋਰ ਕੀ! ਨਿਆਣੇ ਕਿਤਾਬਾਂ ਕਤੂਬਾਂ ਕਿਥੇ ਰਖਣਗੇ।

ਦੀਸ਼ਾ — ਮੇਰੇ ਲਈ ਇਕ ਅਲਗ ਅਲਮਾਰੀ ਚਾਹੀਦੀ ਆ!

ਭਾਨ ਸਿੰਘ — ਤੁਹਾਨੂੰ ਅਲਮਾਰੀਆਂ ਦੀ ਪਈ ਹੋਈ ਐ! ਅਗਲੇ ਕਹਿੰਦੇ ਨੇ ਮਕਾਨ ਈ ਨਹੀਂ ਬਣਨ ਦੇਣਾ।

ਦੀਸ਼ਾ — ਕਿਦਾਂ ਨਹੀਂ ਬਣਨ ਦੇਣਾ?

ਸੱਤੋ — ਸਰਕਾਰ ਸਾਨੂੰ ਘਰ ਦੇ ਨਹੀਂ ਸਕਦੀ ਤਾਂ ਸਾਡੇ ਕਿਉਂ ਢਾਹੁੰਦੀ ਐ!

ਦੀਸ਼ਾ — ਲੋਕਾਂ ਨੂੰ ਘਰ ਦੇਣਾ ਸਰਕਾਰ ਦੀ ਡਿਊਟੀ ਨਹੀਂ?

ਗੁਰਦੇਵ — ਇਸ ਸ਼ਹਿਰ 'ਚ ਆਬਾਦੀ ਬਹੁਤੀ ਹੋ ਗਈ ਐ ਨਾ!

ਪ੍ਰੀਤੋ — ਸਿਰ ਲੁਕਾਣ ਲਈ ਛੱਤ ਤਾਂ ਹਰੇਕ ਬੰਦੇ ਨੂੰ ਚਾਹੀਦੀ ਐ!

ਭਾਨ ਸਿੰਘ — ਨਹੀਂ ਹਰੇਕ ਨੂੰ ਨਹੀਂ!

"ਕਿਉਂ?"

"ਪਤਾ ਨਹੀਂ। ਉਹ ਇਹੋ ਹੀ ਕਹਿੰਦੇ ਨੇ!"

"ਅਜੀਬ ਗੱਲ ਐ!"

ਭਾਨ ਸਿੰਘ — ਚੰਗਾ ਗੱਲਾਂ 'ਚ ਟੈਮ ਜ਼ਾਇਆ ਨਾ ਕਰੋ! ਸਰੀਆ ਫੜਾਉ... ਦੀਸ਼ਿਆ! ਸੀਮੇਂਟ ਤਿਆਰ ਕਰ ਬਈ। ਸੱਤੋ ਤੂੰ ਆਪਣੀ ਬੀਬੀ ਨਾਲ ਰਲ ਕੇ ਫੱਟੇ ਫੜਾਉ! ਲੈਂਟਰ ਪਾਈਏ ਬੂਹੇ ਬਾਰੀਆਂ ਤੇ......

ਬੱਤੀ ਦਾ ਨਿਮ੍ਹਾ ਜਿਹਾ ਚਾਨਣ ਸੀ ਤੇ ਕਾਹਲੀ ਨਾਲ ਖਿੜਕੀ, ਅਲਮਾਰੀ ਤੇ ਦਰਵਾਜ਼ੇ ਦੇ ਉਪਰ ਫਟਿਆਂ ਦਾ ਆਧਾਰ ਬਣਾ ਕੇ ਲੈਂਟਰ ਲਾਇਆ ਜਾ ਰਿਹਾ ਸੀ। ਜਲਦੀ ਜਲਦੀ ਵਿਚ ਭਾਨ ਸਿੰਘ ਨੇ ਫਟਿਆਂ ਉਪਰ ਰੇਤਾ ਵਿਛਾ ਕੇ ਲੈਵਲ ਕੀਤਾ ਤੇ ਫੇਰ ਸਰੀਆ ਵਿਛਾ ਦਿਤਾ, ਇੱਟਾਂ ਚਿਣ ਕੇ। ਫੇਰ ਇੱਟਾਂ ਤੇ ਸੀਮੇਂਟ ਦਾ ਘਾਲ੍ਹ।

ਪ੍ਰੀਤੋ — ਏਨਾ ਪੱਕਾ ਕਰ ਦਿਉ ਕਿ ਕਮੇਟੀ ਵਾਲੇ ਵੀ ਨਾ ਢਾਹ ਸਕਣ।

ਸੱਤੋ — ਮਾਂ ਤੂੰ ਕਮੇਟੀ ਵਾਲਿਆਂ ਦੀ ਕੀ ਰਟ ਲਾਈ ਹੋਈ ਐ!

ਗੁਰਦੇਵ — ਛੱਤ ਪੈ ਗਈ ਤਾਂ ਕੋਈ ਹੱਥ ਨਹੀਂ ਲਾਉਂਦਾ। ਫੇਰ ਨੋਟਿਸ ਭੇਜਣਗੇ ਤਾਂ ਭੁਗਤ ਲਵਾਂਗੇ!

ਪ੍ਰੀਤੋ — ਘਰ ਬਣਾਨ ਤੋਂ ਰੋਕਣ ਲਈ ਵੀ ਨੋਟਿਸ!

ਭਾਨ ਸਿੰਘ — ਕੀ ਬੁਰਾਈ ਐ ...! ਮੈਂ ਜ਼ਿੰਦਗੀ 'ਚ ਹਜ਼ਾਰਾਂ ਈ ਮਕਾਨ ਬਣਾਏ ਨੇ, ਪਰ ਘਰ ਕਿਤੇ ਨਹੀਂ ਬਣਾ ਸਕਿਆ!"

"ਹੁਣ ਬਣ ਜਾਵੇਗਾ!"

"ਘਰ ਸਾਡੇ ਸਰੀਰ ਵਾਂਗ ਹੀ ਪਿਆਰਾ ਹੁੰਦਾ ਹੈ!"

"ਘਰ ਬੰਦਿਆਂ ਦੀ ਰਾਖੀ ਵੀ ਤਾਂ ਕਰਦਾ ਹੈ!"

"ਪਰ ਹੁਣ ਅਸੀਂ ਇਹਦੀ ਰਾਖੀ ਕਰਨ ਤੋਂ ਅਸਮਰਥ ਆਂ ਨਿਤਾਣੇ......"

ਪ੍ਰੀਤੋ — ਮੈਂ ਚਾਹੁੰਦੀ ਹਾਂ ਕਿ ਸਵੇਰੇ ਉਠਾਂ ਤਾਂ ਮੇਰਾ ਘਰ ਬਣਿਆ ਹੋਇਆ ਹੋਵੇ।

ਗੁਰਦੇਵ — ਘਰ ਏਨੀ ਛੇਤੀ ਨਹੀਂ ਬਣਾਏ। ਇਕ ਜੀਂਦਾ ਜਾਗਦਾ ਘਰ ਬਣਾਨ ਲਈ ਜਾਨ ਮਾਰਨੀ ਪੈਂਦੀ ਹੈ।

ਪ੍ਰੀਤੋ — ਮੇਰੇ ਲਈ ਇਹੋ ਜਿਹਾ ਘਰ ਹੋਵੇ ਜਿਹੜਾ ਮੇਰੇ ਬੱਚਿਆਂ ਦੀਆਂ ਰੀਝਾਂ ਨੂੰ ਆਸਰਾ ਦੇਵੇ।

ਰਾਤ ਦੇ ਢਾਈ ਵਜੇ ਤਕ ਕੰਮ ਚਲਦਾ ਰਿਹਾ ਤੇ ਫੇਰ ਸਾਰੇ ਥੱਕ ਟੁੱਟ ਕੇ ਸੌਂ ਗਏ। ਨਵੰਬਰ ਦੀ ਕੜਾਕੇ ਦੀ ਸਰਦੀ ਵਿਚ ਵੀ ਉਨ੍ਹਾਂ ਦੇ ਮਨ ਘਰ ਦੇ ਸੁਖਾਵੇਂ ਸੁਪਨੇ ਨਾਲ ਨਿਘੇ ਸਨ, ਪਰ ਸਰੀਰ ਡਮੈਲਿਸ਼ਿੰਗ ਦੇ ਡਰ ਭਉ ਨਾਲ ਠਰੇ ਹੋਏ।

ਪਿਛਲੇ ਵਰ੍ਹੇ ਗੁਰਦੇਵ ਦਾ ਘਰ ਵੀ ਇਸੇ ਤਰ੍ਹਾਂ ਹੀ ਬਣਿਆਂ ਸੀ ਤੇ ਉਥੇ ਕੰਮ ਕਰਦਿਆਂ ਇਕ ਬਾਗੜਿਆਣੀ ਨੇ ਭਾਨ ਸਿੰਘ ਨੂੰ ਇਕ ਭੇਤ ਭਰੇ ਰਾਜ਼ ਦਸਣ ਦੇ ਲਹਿਜੇ 'ਚ ਕਿਹਾ ਸੀ — "ਸਰਦਾਰ ਜੀ! ਕਦੀ ਸਾਡਾ ਵੀ ਘਰ ਹੋਵੇਗਾ?"

ਜਦੋਂ ਭਾਨ ਸਿੰਘ ਨੇ ਉਹਨੂੰ ਘੂਰ ਕੇ ਵੇਖਿਆ ਤਾਂ ਉਹਨੇ ਅੱਖਾਂ ਦੂਸਰੇ ਪਾਸੇ ਕਰ ਲਈਆਂ। ਪਰ ਉਨ੍ਹਾਂ ਅੱਖਾਂ ਵਿਚ ਜਿਹੜੀ ਅੱਗ ਸੀ ਉਹਨੇ ਭਾਨ ਸਿੰਘ ਦੇ ਅੰਦਰ ਭਾਂਬੜ ਮਚਾ ਦਿਤਾ ਸੀ। ਪ੍ਰੀਤੋ ਦੀਆਂ ਨਜ਼ਰਾਂ ਵਿਚ ਉਹਨੇ ਕਈ ਵਾਰ ਇਹ ਅੱਗ ਵੇਖੀ ਸੀ — ਜਿਸ ਦੀਆਂ ਲਪਟਾਂ ਨਾਲ ਇਕ ਘਰ ਦੀ ਉਸਾਰੀ ਹੁੰਦੀ ਹੈ ਤੇ ਉਹਨੇ ਸੋਚਿਆ ਸੀ — ਕੀ ਹਰ ਔਰਤ ਦੀਆਂ ਨਜ਼ਰਾਂ ਵਿਚ ਇਹ ਅੱਗ ਹੁੰਦੀ ਹੈ?

"ਜੇਕਰ ਮੈਂ ਆਪਣੇ ਬੱਚਿਆਂ ਲਈ ਇਕ ਘਰ ਵੀ ਨਾ ਬਣਾ ਸਕੀ ਤਾਂ ਕੀ ਜੀਣਾ ਹੋਇਆ!"

"ਤੇਰੇ ਬੱਚੇ ਤੇਰੇ ਮਹਿਮਾਨ ਨੇ, ਇਹ ਆਪਣਾ ਘਰ ਅਲਗ ਬਣਾਨਗੇ।"

"ਫੇਰ ਇਨ੍ਹਾਂ ਮਹਿਮਾਨਾਂ ਦੀ ਖ਼ਾਤਰਦਾਰੀ ਲਈ ਤਾਂ ਹੋਵੇ ਘਰ!"

"ਸਾਡਾ ਘਰ ਤਾਂ ਹੁੰਦਾ ਹੀ ਹੈ। ਧਰਤੀ ਤੇ ਨਾ ਹੋਵੇ ਤਾਂ ਸਾਡੇ ਮਨ 'ਚ ਹੁੰਦਾ ਹੈ!"

"ਪਰ ਧਰਤੀ ਤੇ ਕਿਉਂ ਨਾ ਹੋਵੇ?"

"ਜ਼ਰੂਰ ਹੋਵੇਗਾ। ਸਵੇਰ ਹੋ ਲੈਣ ਦਿਉ!"

"ਕੀ ਉਹ ਸਵੇਰ ਹੋਵੇਗੀ?"

"ਤੇ ਕੀ ਨਹੀਂ ਹੋਵੇਗੀ?"

ਰਾਤ ਇਨ੍ਹਾਂ ਹੀ ਵਿਚਾਰਾਂ ਤੇ ਸੁਪਨਿਆਂ ਵਿਚ ਲੰਘ ਗਈ। ਘਰ ਦੇ ਸਾਰੇ ਹੀ ਜੀਅ ਥੱਕੇ ਟੁੱਟੇ ਲੇਟੇ ਪਏ ਰਹੇ ਤੇ ਆਪਣੇ ਆਪਣੇ ਵਿਚਾਰਾਂ ਅਨੁਸਾਰ ਘਰ ਦੀ ਸ਼ਕਲ ਸੂਰਤ ਚਿਤਵਦੇ ਰਹੇ।

ਪਰ, ਸੂਰਜ ਦੀ ਟਿੱਕੀ ਨਿਕਲਣ ਦੇ ਨਾਲ ਹੀ ਪ੍ਰੀਤੋ ਨੇ ਚਾਹ ਬਣਾ ਲਈ ਤੇ ਉਹ ਆਪਣੇ ਰਾਜਗੀਰ ਪਤੀ ਨੂੰ ਜਗਾ ਰਹੀ ਸੀ। ਭਾਨ ਸਿੰਘ ਦੇ ਉਠਣ ਨਾਲ ਹੀ ਬਾਕੀ ਨਿਆਣੇ ਵੀ ਉਠ ਖਲੋਤੇ ਅਤੇ ਸਾਰੇ ਹੀ ਚਾਹ ਪੀਣ ਲਗੇ। ਚਾਹ ਦੇ ਘੁਟ ਭਰਦਾ ਹੋਇਆ ਭਾਨ ਸਿੰਘ ਇੱਟਾਂ ਦੇ ਟੁੱਟੇ ਫੁੱਟੇ ਢੇਰ ਵਲ ਵੇਖ ਰਿਹਾ ਸੀ ਕਿ ਕਿਤੇ ਇੱਟਾਂ ਹੀ ਨਾ ਮੁੱਕ ਜਾਣ ਤੇ ਗਾਰਾ ਤਾਂ ਹਰ ਵੇਲੇ ਤਿਆਰ ਰਹਿਣਾ ਚਾਹੀਦਾ ਹੈ — "ਘਰ ਬਣਾਨ ਵਿਚ ਸਿਰਫ਼ ਇੱਟਾਂ ਤੇ ਗਾਰਾ ਹੀ ਨਹੀਂ ਲਗਦਾ, ਸਾਡਾ, ਖ਼ੂਨ ਵੀ ਡੁਲ੍ਹਦਾ ਹੈ।"

"ਤੇ ਹੋਰ ਕੀ !"

ਭਾਨ ਸਿੰਘ — ਜਦੋਂ ਕਮੇਟੀ ਵਾਲੇ ਕਮਰੇ ਜਿਡੀਆਂ ਛੱਤਾਂ ਢਾਹ ਗਏ ਤਾਂ ਮੈਨੂੰ ਲਗਾ ਜਿਵੇਂ ਇੱਟਾਂ ਦੇ ਕੜਕਣ ਨਾਲ ਮੇਰੀ ਮਿੱਝ ਨਿਕਲ ਰਹੀ ਹੋਵੇ।

"ਮੈਂ ਤਾਂ ਬੇਹੋਸ਼ ਹੀ ਹੋ ਚਲੀ ਸੀ।"

ਭਾਨ ਸਿੰਘ — ਡਰਨਾ ਨਹੀਂ ਚਾਹੀਦਾ। ਬੰਦਾ ਮਰ ਤਾਂ ਜਾਂਦਾ ਹੈ, ਪਰ ਹਾਰਦਾ ਨਹੀਂ।

ਸੱਤੋ — ਭਾਪਾ ਜੀ ਸਵੇਰੇ ਸਵੇਰੇ ਹੀ ਕੰਮ ਸ਼ੁਰੂ ਕਰ ਦਿਉ !

ਦੀਸ਼ਾ — ਤੇ ਹੋਰ ਕੀ ! ਅੱਜ ਮੈਂ ਗਾਰਾ ਨਹੀਂ ਮੁਕਣ ਦਿੰਦਾ।

"ਮੈਂ ਤਾਂ ਗੁਰਦੇਵ ਨੂੰ ਉਡੀਕ ਰਿਹਾਂ।"

ਅਗਲੇ ਪਲ ਗੁਰਦੇਵ ਸਿੰਘ ਵੀ ਆ ਗਿਆ। ਉਹ ਤਿਆਰ-ਬਰ-ਤਿਆਰ ਸੀ, ਚੁਸਤ ਤੇ ਫੁਰਤੀਲਾ। ਜ਼ਿੰਦਗੀ ਵਿਚ ਹੁਣ ਤਕ ਉਹਨੇ ਵੀ ਘਰ ਹੀ ਬਣਾਏ ਸਨ, ਪਰ ਲੋਕਾਂ ਦੇ। ਪਿਛਲੇ ਵਰ੍ਹੇ ਆਪਣਾ ਇਕ ਕਮਰਾ ਪਾਇਆ ਸੀ, ਪਰ ਹੁਣ ਤਕ ਇਕ ਤੋਂ ਦੋ ਨਹੀਂ ਕਰ ਸਕਿਆ। ਬੱਚੇ ਤਿੰਨ ਹੋ ਗਏ ਸਨ।

"ਗੁਰਦੇਵ ਬੜੀ ਕਿਸਮਤ ਵਾਲੈ" ਪ੍ਰੀਤੋ ਨੇ ਕਿਹਾ — "ਹੁਣੇ ਈ ਯਾਦ ਕੀਤਾ ਸੀ !"

ਭਾਨ ਸਿੰਘ — ਤੇ ਹੁਣ ਸਾਡੀ ਕਿਸਮਤ ਵੀ ਉਹ ਖੋਹ ਲੈਣਗੇ ?

ਇਸ ਤੋਂ ਬਾਅਦ ਦੋਵਾਂ ਨੇ ਰੱਬ ਦਾ ਨਾਂ ਲਿਆ। ਨੀਂਹ ਨੂੰ ਸਤਿਕਾਰ ਦਿਤਾ ਤੇ ਆਪਣੇ ਕੰਮ ਵਿਚ ਜੁਟ ਗਏ। ਇਕ-ਇਕ ਇੱਟ ਜੁੜ-ਜੁੜ ਕੇ ਕੰਧਾਂ ਦਾ ਰੂਪ ਧਾਰਨ ਕਰ ਰਹੀ ਸੀ।

"ਕੰਧਾਂ ਸਾਨੂੰ ਤਾਂ ਲੁਕਾ ਸਕਦੀਆਂ ਨੇ, ਪਰ ਸਾਡੇ ਖ਼ਿਆਲਾਂ ਨੂੰ ਨਹੀਂ।"

"ਬੰਦੇ ਦੇ ਖ਼ਿਆਲ ਤਾਂ ਬੇਥਵ੍ਹਾ ਈ ਦੌੜਦੇ ਫਿਰਦੇ ਨੇ ਜੰਗਲੀ ਜੂਹੀਂ।"

"ਘਰ ਦੀਆਂ ਕੰਧਾਂ ਵਿਚ ਬੰਦਾ ਕੈਦ ਵੀ ਨਹੀਂ ਹੁੰਦਾ।"

"ਕਿਉਂ ਹੋਵੇ ?"

"ਪਰ ਘਰ ਤਾਂ ਫੇਰ ਵੀ ਚਾਹੀਦਾ ਹੀ ਹੈ ਨਾ !"

"ਤੇ ਹੋਰ ਨਹੀਂ !"

"ਨਹੀਂ ਕਿਉਂ ?"

ਦੁਪਹਿਰਾ ਸਿਰ ਤੇ ਆ ਗਿਆ ਸੀ ਤੇ ਰਾਜਗੀਰ ਲਗਾਤਾਰ ਕਮਰਾ ਉਸਾਰਨ ਵਿਚ ਜੁਟੇ ਹੋਏ ਸਨ। ਉਨ੍ਹਾਂ ਨੂੰ ਉਸ ਵੇਲੇ ਭੁੱਖ ਤ੍ਰੇਹ ਦੀ ਵੀ ਤਲਬ ਨਹੀਂ ਸੀ ਮਹਿਸੂਸ ਹੁੰਦੀ। ਗਲੀ ਵਿਚੀਂ ਏਧਰੋਂ ਉਧਰ ਜਾਣ ਵਾਲੇ ਲੋਕ ਵਾਰ ਵਾਰ ਕਹਿੰਦੇ :

"ਜਲਦੀ ਕਰੋ......ਜਲਦੀ ਕਰੋ !"

"ਹਾਂ, ਜੇਕਰ ਕਮੇਟੀ ਵਾਲੇ ਆ ਗਏ ਤਾਂ ਸਤਿਆਨਾਸ ਹੋ ਜਾਊ।"

"ਪਰ ਅੱਜ ਉਨ੍ਹਾਂ ਦੇ ਆਉਣ ਦਾ ਦਿਨ ਤਾਂ ਨਹੀਂ।"

"ਯਮਰਾਜ ਦਾ ਕੋਈ ਦਿਨ ਨਿਸਚਿਤ ਨਹੀਂ ਹੁੰਦਾ। ਬੰਦੇ ਨੂੰ ਹਰ ਵੇਲੇ ਸੁਚੇਤ ਰਹਿਣਾ ਚਾਹੀਦਾ ਹੈ।"

"ਅਸੀਂ ਬਿਲਕੁਲ ਸੁਚੇਤ ਹਾਂ !"

"ਤੁਸੀਂ ਆਪ ਓਵਰਸੀਅਰ ਨੂੰ ਮਿਲ ਲੈਂਦੇ ਤਾਂ ਚੰਗਾ ਸੀ !"

"ਹਾਂ ਤੇ ਹੋਰ ਕੀ ! ਕੁਲ ਦੋ ਸੌ ਰੁਪਏ ਉਹਦੀਆਂ ਜੇਬਾਂ ਵਿਚ ਰੱਖੋ ਅੱਖਾਂ ਉਹਦੀਆਂ ਬੰਦ।"

"ਜਿਵੇਂ ਅੱਖਾਂ ਵਿਚ ਘੱਟਾ ਪੈ ਗਿਆ ਹੋਵੇ !"

"ਜਦੋਂ ਉਨ੍ਹਾਂ ਦੀਆਂ ਅੱਖਾਂ ਵਿਚ ਘੱਟਾ ਪੈ ਜਾਵੇ ਤਾਂ ਫੇਰ ਤੁਸੀਂ ਭਾਵੇਂ ਅੱਠਾਂ ਦਿਨਾਂ ਵਿਚ ਕਮਰਾ ਬਣਾਉ।"

ਭਾਨ ਸਿੰਘ — ਪਰ ਮੈਂ ਉਹਦੀਆਂ ਅੱਖਾਂ ਨਹੀਂ ਬੰਦ ਕਰ ਸਕਦਾ।

"ਕਿਉਂ ?"

"ਮੈਂ ਤਾਂ ਘਰ ਵਾਲੀ ਦੇ ਗਹਿਣੇ ਵੇਚ ਕੇ ਪਲਾਟ ਖ਼ਰੀਦਿਆ ਹੈ।"

"ਕਰਜ਼ਾ ਚੁਕ ਕੇ ਭਰ ਦਿਉ ਓਵਰਸੀਅਰ ਦੀ ਜੇਬ।"

"ਮੈਂ ਅਜ ਤਕ ਕਰਜ਼ਾ ਕਦੀ ਨਹੀਂ ਲਿਆ।"

"ਹੁਣ ਲਵੋ ! ਕਰਜ਼ੇ ਦੀ ਪ੍ਰਥਾ ਇਨ੍ਹਾਂ ਮੌਕਿਆਂ ਲਈ ਹੀ ਸਿਆਣਿਆਂ ਨੇ ਚਲਾਈ ਸੀ। ਸਾਡੇ ਬਜ਼ੁਰਗ ਮੂਰਖ ਨਹੀਂ ਸਨ।"

"ਪਤਾ ਨਹੀਂ। ਪਰ ਮੈਂ ਕਰਜ਼ਾ ਨਹੀਂ ਚੁਕਦਾ।"

"ਫੇਰ ਜਲਦੀ ਕਰੋ !"

"ਬਸ ਸੱਤ ਅੱਠ ਫ਼ੁਟ ਤੇ ਹੀ ਛਤ ਪਾ ਦਿਉ।"

"ਫੇਰ ਹੌਲੀ ਹੌਲੀ ਛੱਤ ਉਤਾਂਹ ਚੁਕਦੇ ਰਹਿਣਾ।"

"ਨਹੀਂ ਸੱਤ ਫ਼ੁਟ ਈ ਠੀਕ ਐ ! ਤੁਸੀਂ ਕਿਹੜਾ ਅਸਮਾਨੇ ਟਾਕੀ ਲੈਣੀ ਐਂ !"

"ਪਰ ਕਮਰਾ ਸੋਹਣਾ ਸੁਨੱਖਾ ਤਾਂ ਹੋਵੇ !"

"ਕੋਈ ਗੱਲ ਨਹੀਂ, ਘਰ ਫੇਰ ਵੀ ਘਰ ਹੀ ਹੁੰਦਾ ਹੈ !"

ਦੁਪਹਿਰ ਦੀ ਰੁੱਖੀ ਸੁੱਕੀ ਰੋਟੀ ਖਾਂਦਿਆਂ ਭਾਨ ਸਿੰਘ ਆਪਣੇ ਪਰਿਵਾਰ ਨੂੰ ਦਸ ਰਿਹਾ ਸੀ — "ਮੈਂ ਹੁਣ ਨਹੀਂ ਕਮਰਾ ਡਿਗਨ ਦਿੰਦਾ। ਸ਼ਾਮ ਡੁਬਣ ਤੋਂ ਪਹਿਲਾਂ ਈ ਅਸੀਂ, ਛੱਤ ਪਾ ਲਵਾਂਗੇ ਤੇ ਫੇਰ ਭਾਵੇਂ ਕਮੇਟੀ ਵਾਲੇ ਆ ਹੀ ਜਾਣ !

"ਤੁਸੀਂ ਕਮੇਟੀ ਨੂੰ ਆਪ ਹੀ ਨਾ 'ਵਾਜਾਂ ਮਾਰੀ ਜਾਵੋ !"

"ਨਹੀਂ। ਮੇਰੇ ਉਹ ਕਿਹੜੇ ਸਕੇ ਨੇ !"

"ਅੱਜ ਕਲ੍ਹ ਤਾਂ ਸਕੇ ਵੀ ਕਿਥੇ ਰਹੇ ਨੇ !"

ਭਾਨ ਸਿੰਘ ਨੇ ਫੇਰ ਕਿਹਾ — "ਪੁਰਾਣੇ ਜ਼ਮਾਨੇ 'ਚ ਇਕ ਬਾਦਸ਼ਾਹ ਸੀ ਔਰੰਗਜ਼ੇਬ ! ਦਸਮੇਂ ਪਾਤਸ਼ਾਹ ਦੇ ਵੇਲੇ ਹੋਇਆ।"

ਸੱਤੋ — ਹਾਂ, ਹਾਂ ਮੈਂ ਇਤਿਹਾਸ ਵਿਚ ਪੜ੍ਹਿਆ ਸੀ !

ਦੀਸ਼ਾ — ਤੇ ਮੈਂ ਨਹੀਂ ਸੀ ਪੜ੍ਹਿਆ ?

ਭਾਨ ਸਿੰਘ — ਮੈਂ ਨਹੀਂ ਪੜ੍ਹਿਆ। ਸੁਣਿਆ ਈ ਐ ! ਉਹਨੇ ਆਪਣੇ ਜ਼ਮਾਨੇ ਵਿਚ ਸਾਰੇ ਹੀ ਮੰਦਰ ਢਾਹ ਸੁਟੇ ਸਨ।

ਪ੍ਰੀਤੋ — ਮੰਦਰ ਭਗਵਾਨ ਦਾ ਘਰ ਹੁੰਦੇ ਨੇ !

"ਪਰ ਹੁਣ ਤਾਂ ਮੰਦਰਾਂ ਨੂੰ ਕੋਈ ਨਹੀਂ ਢਾਹੁੰਦਾ !"

"ਹੁਣ ਘਰਾਂ ਨੂੰ ਜੁ ਢਾਹੁੰਦੇ ਨੇ !"

"ਔਰੰਗਜ਼ੇਬ ਹਰ ਜੁਗ 'ਚ ਹੁੰਦੇ ਨੇ !"

ਭਾਨ ਸਿੰਘ ਬੋਲਿਆ — ਅਸੀਂ ਉਸ ਥਾਂ ਤੋਂ ਸਿਰਫ਼ ਪੰਜ ਮੀਲ ਦੂਰ ਘਰ ਬਣਾ ਰਹੇ ਹਾਂ ਜਿਥੇ ਦੇਸ਼ ਤੇ ਲੋਕਾਂ ਦੀ ਭਲਾਈ ਵਾਸਤੇ ਚੰਗੇ ਕਾਨੂੰਨ ਬਨਾਣ ਵਾਲੇ ਲੋਕ ਬੈਠਦੇ ਨੇ ....."

"ਅਤੇ ਪ੍ਰਧਾਨ ਮੰਤਰੀ ਵੀ ਇਸੇ ਸ਼ਹਿਰ ਵਿਚ ਹੈ।"

"ਪਰ ਇੱਟਾਂ ਤਾਂ ਸਾਡੀਆਂ ਦੇ ਟੋਟੇ ਹੁੰਦੇ ਨੇ।"

"ਇੱਟਾਂ ਦੇ ਹੀ ਨਹੀਂ, ਦਿਲਾਂ ਦੇ ਵੀ !"

ਪ੍ਰੀਤੋ — ਕਲ੍ਹ ਮੈਂ ਤਾਂ ਡੁਬ ਈ ਚਲੀ ਸੀ।

ਭਾਨ ਸਿੰਘ — ਇਸ ਦੁਨੀਆਂ 'ਚ ਇਉਂ ਨਹੀਂ ਜੀ ਹੁੰਦਾ ! ਹੌਸਲਾ ਕਰ !

"ਕਰ ਰਹੀ ਆਂ !"

"ਫੇਰ ਠੀਕ ਐ !"

ਭਾਨ ਸਿੰਘ ਨੇ ਆਪਣੀ ਘਰ ਵਾਲੀ ਵਲ ਤੱਕਿਆ ਤੇ ਮੁਸਕਰਾਇਆ। ਪ੍ਰੀਤੋ ਤਾਂ ਹਰ ਵੇਲੇ ਹੀ ਮੁਸਕਰਾਉਂਦੀ ਨਜ਼ਰ ਆਉਂਦੀ ਸੀ। ਰੱਬ ਕਈ ਸੂਰਤਾਂ ਹੀ ਅਜਿਹੀਆਂ

ਬਣਾਉਂਦਾ ਹੈ। ਪ੍ਰੀਤੋ ਨੂੰ ਵੇਖ ਕੇ ਭਾਨ ਸਿੰਘ ਨੂੰ ਹਰ ਵੇਲੇ ਨਸ਼ਾ ਚੜ੍ਹਿਆ ਰਹਿੰਦਾ ਸੀ। ਹੁਣ ਪ੍ਰੀਤੋ ਨੂੰ ਤੱਕ ਕੇ ਭਾਨ ਸਿੰਘ ਨੇ ਆਪਣੇ ਪਤਲੇ ਪਤੰਗ, ਪਰ ਲੰਮੇ ਜੁੱਸੇ ਨੂੰ ਫੁਰਤੀ ਵਿਚ ਲਿਆਂਦਾ ਤਾਂ ਉਹਦੀਆਂ ਨਿੱਕੀਆਂ ਚਮਕੀਲੀਆਂ ਅੱਖਾਂ ਹਰਕਤ ਵਿਚ ਆ ਗਈਆਂ। ਰੋਟੀ ਖਾ ਕੇ ਉਹਨੇ ਆਪਣੀਆਂ ਕੁੰਡੀਆਂ ਮੁੱਛਾਂ ਨੂੰ ਸੁਆਰਿਆ ਤੇ ਤੇਸੀ ਕਾਂਡੀ ਲੈ ਕੇ ਜੁਗਾੜ ਤੇ ਚੜ੍ਹ ਗਿਆ —

ਜਦੋਂ ਇਹ ਲੋਕ ਰੋਟੀ ਖਾ ਰਹੇ ਸਨ ਤਾਂ, ਉਸ ਵਕਫ਼ੇ ਵਿਚ ਗੁਰਦੇਵ ਕਾਹਲੀ ਨਾਲ ਜਾ ਕੇ ਨਟਰਾਜ ਸਿਨਮੇ ਕੋਲ ਹਰ ਰੋਜ਼ ਹੀ ਕੰਮ ਦੀ ਉਡੀਕ ਵਿਚ ਬੈਠੇ ਰਹਿਣ ਵਾਲੇ ਮਜ਼ਦੂਰਾਂ ਵਿਚੋਂ ਇਕ ਮਧਰੇ ਗਿੱਠੇ, ਸਾਂਵਲੇ ਭਈਏ ਰਾਧਾਰਮਨ ਨੂੰ ਪੂਰੀ ਦਿਹਾੜੀ ਦੇ ਪੈਸੇ ਦੇਣੇ ਕਰ ਕੇ ਲੈ ਆਇਆ ਸੀ, ਪਰ ਉਹ ਹਾਲੇ ਤਕ ਵੀ ਕੰਮ ਨੂੰ ਹੱਥ ਲਾਉਣੋਂ ਝਿਜਕ ਰਿਹਾ ਸੀ — ਇਸ ਕਾਲੋਨੀ ਵਿਚ ਜਦੋਂ ਵੀ ਡਮੋਲਿਸ਼ਿੰਗ ਸਕੁਐਡ ਵਾਲੇ ਗੱਡੀ ਤੇ ਪੁਲੀਸ ਲੈ ਕੇ ਆਉਂਦੇ ਤਾਂ ਉਹ ਕਾਰੀਗਰਾਂ ਦੇ ਹਥਿਆਰ ਤੇ ਮਜਦੂਰਾਂ ਨੂੰ ਵੀ ਗੱਡੀ ਵਿਚ ਲੱਦ ਕੇ ਲੈ ਜਾਂਦੇ। ਸਬਲ੍ਹਾਂ ਨਾਲ ਕੰਧਾਂ ਢਾਹ ਸੁਟਦੇ ਤੇ ਘਰ ਢਹਿੰਦੇ ਵੇਖ ਕੇ ਵਿਲਕ ਰਹੀਆਂ ਜ਼ਨਾਨੀਆਂ ਨੂੰ ਦੁਹੱਥੜੀਂ ਕੁੱਟਦੇ, ਕੇਵਲ ਖ਼ਿਆਲਾਂ ਵਿਚ ਵੀ ਤੇ ਅੱਖਾਂ ਨਾਲ ਵੀ। ਪਰ ਕਾਲੋਨੀ ਦੇ ਲੋਕ ਕੇਵਲ ਤਮਾਸ਼ਾ ਵੇਖਣ ਦੇ ਸਿਵਾ ਕੁਝ ਨਹੀਂ ਸਨ ਕਰ ਸਕਦੇ ਕਿਉਂਕਿ ਜਿਹੜਾ ਵੀ ਤਮਾਸ਼ਾਈ ਬਣਨ ਦੀ ਥਾਂ ਤਮਾਸ਼ੇ ਵਿਚ ਹਿੱਸਾ ਲੈਣ ਦੀ ਕੋਸ਼ਿਸ਼ ਕਰਦਾ, ਉਹਦਾ ਘਰ ਰਾਤ ਦੇ ਹਨੇਰੇ ਤੋਂ ਪਹਿਲਾਂ ਹੀ ਧਰਤੀ ਤੋਂ ਮਸਮਾਰ ਹੋ ਜਾਂਦਾ। ਸਦੀਆਂ ਤੋਂ ਲੋਕ ਇਸੇ ਤਰ੍ਹਾਂ ਹੀ ਤਮਾਸ਼ਾ ਵੇਖਦੇ ਆਏ ਸਨ, ਪਰ ਘਰ ਉਨ੍ਹਾਂ ਦੇ ਫੇਰ ਵੀ ਨਹੀਂ ਰਹੇ। ਹੁਣ ਤਾਂ ਲੋਕ ਨਾ ਘਰ ਦੀ ਤੇ ਨਾ ਹੀ ਪੱਤ ਦੀ ਪਰਵਾਹ ਕਰਦੇ ਸਨ, ਸਿਰਫ਼ ਤਮਾਸ਼ਾ ਹੀ ਵੇਖਦੇ ਸਨ।

ਗੁਰਦੇਵ ਸਿੰਘ ਨੇ ਕਿਹਾ — "ਜਦੋਂ ਤਕ ਮੇਰਾ ਘਰ ਨਹੀਂ ਬਣ ਗਿਆ ਮੈਂ ਮਿੱਟੀ ਤੇ ਹੀ ਸੌਂਦਾ ਰਿਹਾ।"

ਭਾਨ ਸਿੰਘ — ਘਰ ਬਣਾਨ ਲਈ ਮੈਂ ਤਾਂ ਵੀਹ ਵਰ੍ਹਿਆਂ ਤੋਂ ਮਿੱਟੀ ਨਾਲ ਮਿੱਟੀ ਹੋ ਰਿਹਾਂ।

"ਲੋਕ ਤਾਂ ਮਰ ਕੇ ਮਿੱਟੀ 'ਚ ਰੁਲਦੇ ਨੇ, ਪਰ ਮਜ਼ਦੂਰੀ ਕਰਨ ਵਾਲੇ ਸਾਰੀ ਉਮਰ ਹੀ......"

ਭਾਨ ਸਿੰਘ — ਸ਼ਾਇਦ ਕਦੀ ਚੰਗੇ ਦਿਨ ਵੀ ਆ ਜਾਣ !

"ਜ਼ਰੂਰ ਆਉਣਗੇ !" ਗੁਰਦੇਵ ਨੇ ਕਿਹਾ। ਉਸ ਵੇਲੇ ਭਾਨ ਸਿੰਘ ਨੇ ਗੁਰਦੇਵ ਸਿੰਘ ਨੂੰ ਘੂਰ ਕੇ ਵੇਖਿਆ। ਉਹਦੇ ਚਿਹਰੇ ਤੇ ਬੜਾ ਸ਼ਾਂਤ ਪ੍ਰਭਾਵ ਥਿਰਕ ਰਿਹਾ ਸੀ। ਉਸ ਵੇਲੇ ਭਾਨ ਸਿੰਘ ਨੂੰ ਆਪਣੇ ਮਨ ਦੀ ਬੇਚੈਨੀ ਦਾ ਖ਼ਿਆਲ ਆਇਆ ਤੇ ਉਹਨੇ ਸੋਚਿਆ ਕਿ ਜੇਕਰ ਉਹਦਾ ਘਰ ਬਣ ਗਿਆ ਹੁੰਦਾ ਤਾਂ ਉਹਦਾ ਚਿਹਰਾ ਵੀ ਗੁਰਦੇਵ ਸਿੰਘ ਵਾਂਗ ਹੀ ਸ਼ਾਂਤ ਤੇ ਨਿਰਵਿਕਾਰ ਹੁੰਦਾ !

ਫੇਰ ਉਹਨੂੰ ਉਨ੍ਹਾਂ ਬੇਸ਼ੁਮਾਰ ਲੋਕਾਂ ਦਾ ਵੀ ਖ਼ਿਆਲ ਆਇਆ ਜਿਨ੍ਹਾਂ ਦੇ ਘਰ ਉਹਨੇ ਉਸਾਰੇ ਸਨ। ਉਹ ਲੋਕ ਲਿਸ਼ਕਦੀਆਂ ਅੱਖਾਂ ਨਾਲ ਇਕ-ਇਕ ਇੱਟ ਦੀ ਚਿਣਾਈ ਹੋ ਹੋ ਕੇ ਉਸਰ ਰਹੀ ਇਮਾਰਤ ਨੂੰ ਵੇਖਦੇ ਤੇ ਉਨ੍ਹਾਂ ਦੇ ਚਿਹਰੇ ਖਿੜ ਜਾਂਦੇ। ਕਦੀ ਕਦੀ ਉਹ ਲੋਕ ਆਪਣੇ ਪਰਿਵਾਰ ਤੇ ਮਿੱਤਰਾਂ ਸੰਬੰਧੀਆਂ ਨੂੰ ਨਾਲ ਲੈ ਕੇ ਇਮਾਰਤ ਬਣਦੀ ਵੇਖਣ ਲਈ ਆਉਂਦੇ ਤਾਂ ਸਭ ਦੇ ਸਭ ਲੋਕ ਬੜੇ ਫ਼ਖਰ ਨਾਲ ਘਰ ਦੇ ਮਾਲਕਾਂ ਨੂੰ ਤੱਕਦੇ। ਧਰਤੀ ਤੇ ਉਸਰ ਰਹੇ ਉਸ ਟੋਟੇ ਨਾਲ, ਵਸਣ ਵਾਲਿਆਂ ਦਾ ਓੜਕਾਂ ਦਾ ਪਿਆਰ ਹੁੰਦਾ ਸੀ।

ਉਨ੍ਹਾਂ ਸਭ ਇਮਾਰਤਾਂ ਤੇ ਘਰਾਂ ਦੀ ਚਿਣਾਈ ਕਰਨ ਲਗਿਆਂ ਭਾਨ ਸਿੰਘ ਨੇ ਬੜੀ ਰੀਝ ਨਾਲ ਇੱਟਾਂ ਲਾਈਆਂ ਸਨ ਹਾਲਾਂ ਕਿ ਉਹ ਸਾਰਾ ਕੰਮ ਕੇਵਲ ਪੇਟ ਪਾਲਣ ਲਈ ਕੀਤਾ ਜਾਂਦਾ ਸੀ। ਲੋਕ ਉਹਦੇ ਖਰ੍ਹਵੇ ਹੱਥਾਂ ਨੂੰ ਸੁਖਮਤਾ ਨਾਲ ਵੇਖਦੇ ਤੇ ਉਨ੍ਹਾਂ ਦੀਆਂ ਅੱਖਾਂ ਦੀ ਕੋਮਲਤਾ ਜਿਵੇਂ ਉਹਦੇ ਹੱਥਾਂ ਦਾ ਸਪਰਸ਼ ਕਰ ਰਹੀ ਹੁੰਦੀ। ਉਹ ਬੜੇ ਸਨੇਹ ਨਾਲ ਸੁਆਰ ਸੁਆਰ ਕੇ ਇੱਟਾਂ ਦੀ ਚਿਣਾਈ ਕਰਦਾ ਜਿਵੇਂ ਉਹ ਉਹਦਾ ਆਪਣਾ ਹੀ ਘਰ ਹੋਵੇ। ਪਰ, ਹੁਣ ਆਪਣੇ ਘਰ ਦੀ ਚਿਣਾਈ ਵੇਲੇ ਉਹਦੀਆਂ ਸਭ ਰੀਝਾਂ ਮੁਕ ਗਈਆਂ ਸਨ ਤੇ ਸਿੱਧੀ ਇੱਟ ਕੋਈ ਨਹੀਂ ਸੀ ਲਗ ਰਹੀ। ਏਨੀ ਕਾਹਲ ਨਾਲ ਉਹਨੇ ਕਦੀ ਕੰਮ ਨਹੀਂ ਸੀ ਕੀਤਾ, ਇਸ ਲਈ ਉਹ ਠੇਕੇ ਤੇ ਨਹੀਂ, ਦਿਹਾੜੀ ਤੇ ਕੰਮ ਕਰਦਾ ਸੀ। ਉਹਦਾ ਵਿਚਾਰ ਸੀ ਕਿ ਘਰਾਂ ਨੇ ਸਦੀਆਂ ਤਕ ਲੋਕਾਂ ਨੂੰ ਓਟ ਦੇਣੀ ਹੈ, ਇਹ ਪੂਰੀਆਂ ਰੀਝਾਂ ਨਾਲ, ਠਰ੍ਹੰਮੇ ਨਾਲ ਤੇ ਨਿਘੇ ਹੱਥਾਂ ਨਾਲ ਉਸਰਨਾ ਚਾਹੀਦਾ ਹੈ। ਰਾਜਗੀਰ ਵੀ ਜੇਕਰ ਠੀਕ ਉਸਾਰੀ ਨਹੀਂ ਕਰੇਗਾ ਤਾਂ ਹੋਰ ਕੌਣ ਕਰੇਗਾ ?

ਭਾਨ ਸਿੰਘ ਆਪਣੇ ਖ਼ਿਆਲਾਂ ਵਿਚ ਡੁੱਬਦਾ ਉਭਰਦਾ ਗਾਰਾ ਵਿਛਾ ਕੇ ਇੱਟਾਂ ਚਿਣੀ ਜਾ ਰਿਹਾ ਸੀ —

"ਮਿਸਤਰੀ ਜੀ ਕੰਧ ਤਾਂ ਸਾਲ੍ਹ ਵਿਚ ਨਹੀਂ ਰਹੀ !" ਗੁਰਦੇਵ ਨੇ ਕਿਹਾ। ਉਹ ਸਫ਼ਾਈ ਦਾ ਬਹੁਤ ਖ਼ਿਆਲ ਰਖਦਾ ਸੀ, ਇਸੇ ਕਰ ਕੇ ਕਈ ਵਰ੍ਹਿਆਂ ਤੋਂ ਭਾਨ ਸਿੰਘ ਦਾ ਜੋਟੀਦਾਰ ਸੀ।

ਭਾਨ ਸਿੰਘ ਬੋਲਿਆ — "ਕੋਈ ਗੱਲ ਨਹੀਂ। ਸਾਲ੍ਹ 'ਚ ਹੁਣ ਕਿਹੜੀ ਚੀਜ਼ ਰਹਿ ਗਈ ਐ ਸਾਡੇ ਦੇਸ਼ 'ਚ !

ਪ੍ਰੀਤੋ — "ਮੇਰਾ ਘਰ ਐਵੇਂ ਦੌੜ ਭਜ ਵਿਚ ਨਾ ਉਸਾਰੋ ! ਇਥੇ ਕੋਠੀਆਂ ਵਾਲਿਆਂ ਨਾਲੋਂ ਹੌਲੇ ਲੋਕ ਨਹੀਂ ਵਸਣੇ !

ਭਾਨ ਸਿੰਘ — ਮੈਂ ਤਾਂ ਕੋਠੀਆਂ ਈ ਬਣਾਈਆਂ ਨੇ, ਮੈਨੂੰ ਨਹੀਂ ਪਤਾ ਉਥੇ ਕੌਣ ਵਸਦਾ ਹੈ !

"ਕਦੀ ਕਦੀ ਮਾਰਿਆ ਕਰੋ ਨਾ ਫੇਰਾ !"

"ਉਥੇ ਕਿਹੜੇ ਮੇਰੇ ਬਾਗ਼ ਲਗੇ ਹੋਏ ਨੇ !"

"ਸਾਡੇ ਬਾਗ਼ ਲਗੇ ਈ ਕਿਥੇ ਨੇ ?"

"ਅਸੀਂ ਆਪਣੇ ਘਰ ਵਿਚ ਲਵਾਂਗੇ ਬਾਗ਼ !"

— ਵੈਸੇ ਮਿਸਤਰੀ ਜੀ ਸੌ ਗਜ਼ ਜ਼ਮੀਨ ਹੈ ਥੋੜੀ ਈ ..

ਭਾਨ ਸਿੰਘ — ਧਰਤੀ ਦੀ ਪੈਮਾਇਸ਼ ਦੁਆਲੇ ਵਲ ਮਿਣ ਕੇ ਨਹੀਂ, ਉਪਰ ਵਲ ਕਰਨੀ ਚਾਹੀਦੀ ਹੈ......

"ਇਹ ਗੱਲ ਤਾਂ ਠੀਕ ਲਗਦੀ ਹੈ !"

ਭਾਨ ਸਿੰਘ — ਇਉਂ ਸੋਚੀਏ ਤਾਂ ਸਾਡੇ ਹੱਦਾਂ ਬੰਨਿਆਂ ਬਦਲੇ ਕਦੀ ਝਗੜੇ ਨਾ ਹੋਣ !

ਪ੍ਰੀਤੋ — ਨਿਰੀਆਂ ਗੱਲਾਂ ਈ ਨਾ ਕਰੋ ! ਚਾਰ ਇੱਟਾਂ ਵੀ ਲਾਵੋ ! ਤੁਸੀਂ ਬੜੇ ਸੁਸਤ ਚਲ ਰਹੇ ਹੋ ... ਏਨੀ ਸੁਸਤੀ ਕੀ ਆਖ ! ਦੁਪਹਿਰ ਵੀ ਹੁਣ ਤਾਂ ਨਹੀਂ ਰਹੀ।

ਭਾਨ ਸਿੰਘ — ਚੰਗਾ ਤੁਸੀਂ ਬਾਲੇ ਲਿਆਵੋ ਨੇੜੇ ਨੇੜੇ ......ਲਿਆ ਮੁੰਡਿਆ ਜਲਦੀ ਨਾਲ ਫੜਾ ਦੇ ਗਾਰੇ ਦੀ ਤਗਾਰੀ......ਅਮੀਰ ਲੋਕਾਂ ਦੇ ਮਕਾਨਾਂ ਵਿਚ ਸੀਮੇਂਟ ਲਗਦੈ, ਪਰ ਸਾਡੇ ਘਰਾਂ ਦੀ ਚਿਣਾਈ ਸਾਡੀ ਮਿੱਝ ਨਾਲ ਹੋ ਰਹੀ ਐ !

ਸੱਤੋ — ਭਾਪਾ ਜੀ ਹੁਣ ਪਾ ਦਿਉ ਛੱਤ ਕਿ।'

ਪ੍ਰੀਤੋ — ਮੈਂ ਤਾਂ ਕਦੋਂ ਦੀ ਹੀ ਕਹਿ ਰਹੀ ਹਾਂ

"ਜਿਉਂ ਜਿਉਂ ਘਰ ਉੱਚਾ ਉਸਾਰਦੇ ਜਾਵੋਗੇ, ਲੋਕਾਂ ਦੀਆਂ ਨਜ਼ਰਾਂ ਪਾਟਦੀਆਂ ਜਾਣਗੀਆਂ।"

— ਭਈਆ ਰਾਧਾ ਰਮਨ ! ਮੈਨੂੰ ਫੜਾਈ ਜਾ ਬਾਲੇ ! ਤੂੰ ਵੀ ਕਦੀ ਕੋਈ ਕੰਮ ਕਰ ਲੈ ! ਇਕ ਦਿਨ ਤੇਰਾ ਵੀ ਤਾ ਘਰ ਬਣਨਾ ਹੈ......ਫੇਰ ਤੂੰ ਸਾਨੂੰ ਯਾਦ ਕਰੇਂਗਾ !

ਰਾਧਾਰਮਨ — ਸਰਦਾਰ ਜੀ ਹਮਰਾ ਘਰ ਕਹਾਂ ਬਨੇਗਾ .. ਹਮ ਤੋਂ ਗ਼ਰੀਬ ਲੋਗਨ ਹੈ।

"ਫ਼ਿਕਰ ਨਾ ਕਰ ! ਘਰ ਹਰੇਕ ਨੂੰ ਮਿਲੇਗਾ, ਵਕਤ ਆ ਰਿਹਾ ਹੈ।" ਗੁਰਦੇਵ ਨੇ ਕਿਹਾ।

ਰਾਧਾਰਮਨ ਨੇ ਗੁਰਦੇਵ ਨੂੰ ਘੂਰ ਕੇ ਵੇਖਿਆ, ਪਰ ਉਹ ਚਿਹਰਾ ਚਤੁਰ ਨਹੀਂ, ਨਿਰਵਿਕਾਰ ਸੀ। ਉਸ ਨਿਰ-ਵਿਕਾਰ ਚਿਹਰੇ ਵਲ ਗਹੁ ਨਾਲ ਵੇਖ ਕੇ ਹਰ ਬੰਦਾ ਉਹਦੀ ਈਮਾਨਦਾਰੀ ਦਾ ਕਾਇਲ ਹੋ ਜਾਂਦਾ ਸੀ, ਰਾਧਾਰਮਨ ਵੀ ਹੋ ਗਿਆ।

ਇਸ ਤੋਂ ਬਾਅਦ ਬੜੀ ਕਾਹਲੀ ਨਾਲ ਕੰਧਾਂ ਉਪਰ ਕੜੀਆਂ ਰਖੀਆਂ ਜਾਣ ਲਗੀਆਂ ਤੇ ਕੜੀਆਂ ਰਖੇ ਜਾਣ ਦੇ ਇਸ ਦ੍ਰਿਸ਼ ਨੂੰ ਵੇਖ ਕੇ ਪ੍ਰੀਤੋ ਨੇ ਸੱਤੋ ਦੇ ਕੰਨ ਵਿਚ ਕਿਹਾ —

"ਮੈਂ ਪਤਾਸ਼ੇ ਲੈ ਆਵਾਂ !" ਅਤੇ ਉਹ ਕਾਹਲੀ ਨਾਲ ਹੱਥ ਪੂੰਝਦੀ ਗਲੀ ਦੀ ਨੁੱਕਰ ਵਾਲੀ ਦੁਕਾਨ ਵਲ ਨੱਸ ਗਈ — "ਸ਼ੁਕਰ ਐ ਮੇਰਾ ਘਰ ਵੀ ਬਣ ਰਿਹਾ ਹੈ !"

ਦੀਸ਼ੇ ਨੇ ਗਾਰਾ ਢੋਣਾ ਛਡ ਕੇ ਇਕ ਡੱਬੇ ਵਿਚ ਗਾਰਾ ਘੋਲਿਆ ਤੇ ਕੂਚੀ ਨਾਲ ਕੰਧਾਂ ਗਾਰੇ ਰੰਗੀਆਂ ਕਰਨੀਆਂ ਸ਼ੁਰੂ ਕਰ ਦਿਤੀਆਂ । ਕੰਧਾਂ ਦੇ ਸੁਕਣ ਨਾਲ ਇਉਂ ਲਗਣਾ ਸੀ ਜਿਵੇਂ ਵਰ੍ਹਿਆਂ ਪੁਰਾਣਾ ਮਕਾਨ ਹੋਵੇ । ਹੁਣ ਤਾਂ ਸਭ ਲੋਕ ਇਉਂ ਹੀ ਮਕਾਨ ਬਣਾਉਂਦੇ ਸਨ । ਉਨ੍ਹਾਂ ਦਾ ਖ਼ਿਆਲ ਸੀ ਕਿ ਸਰਕਾਰੀ ਕਰਮਚਾਰੀਆਂ ਦੀ ਨਜ਼ਰਾਂ ਵਿਚ ਘੱਟਾ ਪਾਉਣ ਲਈ ਕੰਧਾਂ ਘੱਟੇ ਰੰਗੀਆਂ ਕਰਨੀਆਂ ਜ਼ਰੂਰੀ ਹਨ ।

ਕਮਰੇ ਦਾ ਮੂੰਹ ਮੱਥਾ ਬਣ ਰਿਹਾ ਸੀ ਤੇ ਹੋਰ ਘੜੀ ਭਰ ਨੂੰ ਧਰਤੀ ਦੇ ਇਸ ਟੋਟੇ ਨੇ ਵੀ ਇਕ ਘਰ ਦੀ ਸ਼ਕਲ ਸੂਰਤ ਅਖ਼ਤਿਆਰ ਕਰ ਲੈਣੀ ਸੀ । ਇਹ ਦ੍ਰਿਸ਼ ਵੇਖ ਕੇ ਨਾਲ ਦੇ ਘਰ ਵਾਲਿਆਂ ਦਾ ਇਕ ਜਵਾਨ ਮੁੰਡਾ ਆਪਣੇ ਘਰੋਂ ਇਕ ਰੱਸੀ ਚੁਕ ਲਿਆਇਆ ਤੇ ਕਮਰੇ ਦੀ ਖਿੜਕੀ ਨਾਲ ਬੰਨ੍ਹ ਕੇ ਉਹਦਾ ਦੂਸਰਾ ਸਿਰਾ ਆਪਣੇ ਕਮਰੇ ਦੇ ਦਰਵਾਜ਼ੇ ਨਾਲ ਜਾ ਬੰਨ੍ਹਿਆ । ਫੇਰ ਉਹਦੀ ਮਾਂ ਨੇ ਆਪਣੇ ਘਰੋਂ ਦੋ ਚਾਰ ਪੁਰਾਣੇ ਕਪੜੇ ਕੱਢ ਕੇ ਰਸੀ ਉਪਰ ਲਟਕਾ ਦਿਤੇ । ਪਾਣੀ ਵਾਲਾ ਘੜਾ ਵੀ ਵਿਹੜੇ ਰਖ ਦਿਤਾ ਤਾ ਕਿ ਪੂਰਾ ਘਰ ਵਸਿਆ ਰਸਿਆ ਨਜ਼ਰ ਆਵੇ । ਉਹਨੂੰ ਗੁਆਂਢ ਦੇ ਵਸਣ ਦਾ ਬੜਾ ਚਾਅ ਸੀ, ਹਰ ਜ਼ਨਾਨੀ ਵਾਂਗ ।

ਪਰ ਇਸ ਸਭ ਕੁਝ ਦੇ ਬਾਵਜੂਦ, ਹਾਲੇਂ ਸੂਰਜ ਦੀ ਟਿੱਕੀ ਡੁੱਬੀ ਨਹੀਂ ਸੀ, ਜਦੋਂ ਕਿ ਨਗਰ ਪਾਲਿਕਾ ਦਾ ਡਮੋਲਿਸ਼ਿੰਗ ਸਕੁਐਡ ਆਪਣੇ ਪੂਰੇ ਧੂਮ ਧੜਾ ਕੇ ਨਾਲ ਦਗੜ ਦਗੜ ਕਰਦਾ ਹੋਇਆ ਪਹੁੰਚ ਗਿਆ ਤੇ ਉਨ੍ਹਾਂ ਲੋਕਾਂ ਨੇ ਕਮਰੇ ਦੁਆਲੇ ਘੇਰਾ ਪਾ ਲਿਆ । ਉਨ੍ਹਾਂ ਦੇ ਆਉਣ ਦਾ ਕਿਸੇ ਨੂੰ ਵੀ ਚਿਤ ਚੇਤਾ ਨਹੀਂ ਸੀ ।

— ਤੁਹਾਨੂੰ ਪਤਾ ਨਹੀਂ ਸਰਕਾਰ ਨੇ ਘਰ ਬਣਾਨ ਤੇ ਮਨਾਹੀ ਲਾਈ ਹੋਈ ਹੈ !

"ਪਤਾ ਹੈ !"

— ਫੇਰ ਤੁਸੀਂ ਕਮਰਾ ਕਿਉਂ ਬਣਾ ਰਹੇ ਹੋ ?

— ਖ਼ਾਮੋਸ਼ੀ ।

— ਇਹ ਤਾਂ ਢਾਅ ਦਿਤਾ ਜਾਵੇਗਾ !

"ਇਹ ਵੀ ਪਤਾ ਹੈ ।"

— ਫੇਰ ਵੀ ਬਣਾ ਰਹੇ ਹੋ ?"

"ਹਾਂ ।"

— ਇਹ ਤਾਂ ਨਿਰੀ ਪੁਰੀ ਬਗ਼ਾਵਤ ਹੈ !

"ਕੀ ? ਘਰ ਬਣਾਉਣਾ ?"

— ਤੇ ਹੋਰ ਕੀ ?

— ਖ਼ੁਸ਼ੀ ਰਾਮਾ ਲਿਆ ਸੱਬਲ ! ਕੱਢ ਦਿਉ ਕੜਾਕੇ ਇੱਟਾਂ ਦੇ ! ਤੋੜ ਦਿਉ ਸਭ ਕੜੀਆਂ !

— ਹਾਲੇ ਕਲ੍ਹ ਈ ਢਾਹ ਕੇ ਗਏ ਹਾਂ ਤੇ ਅੱਜ ਫੇਰ...... ਤੁਸੀਂ ਲੋਕ ਕਿਸ ਮਿੱਟੀ ਦੇ ਬਣੇ ਹੋਏ ਹੋ ?

"ਸਾਡਾ ਕੰਮ ਹੀ ਉਸਾਰੀ ਕਰਨਾ ਹੈ !" ਭਾਨ ਸਿੰਘ ਨੇ ਕਿਹਾ । ਡੁਬਦੀ ਸ਼ਾਮ ਵਿਚ ਕਮਰੇ ਦੁਆਲੇ ਬੜੀ ਸੰਘਣੀ ਭੀੜ ਕੱਠੀ ਹੋ ਗਈ ਸੀ । ਇਸ ਨਿਰਲੇਪ ਤੇ ਬੇ-ਲਾਗ ਭੀੜ ਨੂੰ ਚੀਰਦੀ ਹੋਈ ਪ੍ਰੀਤੋ ਪਤਾਸ਼ਿਆਂ ਨਾਲ ਝੋਲੀ ਭਰੀ ਅਗੇ ਵਧੀ —

"ਹਤਿਆਰਿਉ ! ਤੁਸੀਂ ਫੇਰ ਆ ਗਏ ਹੋ ! ਸਾਨੂੰ ਜੀਣ ਨਹੀਂ ਦੇਣਾ ?" ਉਹਨੇ ਲਲਕਾਰਿਆ । ਓਵਰਸੀਅਰ ਨੇ ਉਹਨੂੰ ਕੌਰੀ ਨਜ਼ਰ ਨਾਲ ਘੂਰ ਕੇ ਵੇਖਿਆ । ਪੁਲਿਸ ਦੇ ਪੂਰੇ ਦਸਤੇ ਨੇ ਵੀ ਉਹਦਾ ਸਾਥ ਦਿਤਾ । ਉਹ ਬੋਲਿਆ — "ਬੀਬੀ ! ਤੈਨੂੰ ਪਤਾ ਨਹੀਂ ਇਹ ਕੰਮ ਕਾਨੂੰਨ ਵਿਰੋਧੀ ਹੈ ?"

ਪ੍ਰੀਤੋ — ਤੇਰਾ ਕਾਨੂੰਨ ਤਾਂ ਮੈਂ ਹੁਣੇ ਹੀ ਦੋ ਟਕਿਆਂ 'ਚ ਖ਼ਰੀਦ ਲਵਾਂ, ਪਰ ਮੇਰੀ ਜੇਬ ਖ਼ਾਲੀ ਹੈ......

ਕਾਲੋਨੀ ਦੇ ਲੋਕਾਂ ਦੇ ਚਿਹਰੇ ਰੋਹ ਭਰੇ ਸਨ । ਪਰ ਓਵਰਸੀਅਰ ਉਸ ਰੋਹ ਦੇ ਪਾਰੇ ਦਾ ਤਾਪਮਾਨ ਜਾਣਦਾ ਸੀ । ਫੇਰ,

"ਪਰੇ ਹਟ ਜਾਉ !......ਪਰੇ ਹਟ ਜਾਉ !" ਦੀਆਂ ਆਵਾਜ਼ਾਂ ਨਾਲ ਕੰਧਾਂ ਢਹਿ ਢੇਰੀ ਹੋ ਗਈਆਂ । ਇਕ ਘਰ ਦਾ ਸੁਪਨਾ ਮੂੰਹਦੇ-ਮੂੰਹ ਡਿਗ ਪਿਆ ।

ਪਰ ਕੰਧਾਂ ਨੂੰ ਨਹੀਂ, ਦੋ ਜ਼ਨਾਨੀਆਂ ਪ੍ਰੀਤੋ ਨੂੰ ਚੁਕ ਕੇ ਇਕ ਪਾਸੇ ਵਲ ਲੈ ਗਈਆਂ । ਉਹਦੀ ਝੋਲੀ ਦੇ ਪਤਾਸ਼ੇ ਧਰਤੀ ਤੇ ਖਿੰਡ ਗਏ । ਘਰ ਵਾਂਗ ਹੀ ।......ਦੀਸ਼ੇ ਤੇ ਸੱਤੋ ਨੇ ਲੋਕਾਂ ਦੀ ਭੀੜ ਵਿਚ ਮੂੰਹ ਲੁਕਾ ਲਏ, ਅੱਖਾਂ ਵੀ । ਛਿੰਦਾ ਸਭ ਕੁਝ ਵੇਖ ਰਿਹਾ ਸੀ, ਪਰ ਕੁਝ ਵੀ ਨਹੀਂ ਸੀ ਵੇਖ ਰਿਹਾ । ਗੁਰਦੇਵ ਤੇ ਭਾਨ ਸਿੰਘ ਚੁੱਪ ਚਾਪ ਖੜੇ ਵੇਖਦੇ ਰਹੇ, ਜਿਵੇਂ ਕੋਈ ਤਮਾਸ਼ਾ ਹੋ ਰਿਹਾ ਹੋਵੇ । ਕੀ ਸਚਮੁਚ ਤਮਾਸ਼ਾ ਹੋ ਰਿਹਾ ਸੀ ?

ਇਸ ਤੋਂ ਬਾਅਦ ਭੀੜ ਛੰਡ ਗਈ ਤੇ ਸ਼ਾਮ ਡੁੱਬਣੀ ਸ਼ੁਰੂ ਹੋ ਗਈ : ਸ਼ਾਮ ਨੇ ਡੁੱਬ ਹੀ ਜਾਣਾ ਸੀ !

ਹੁਣ ਘਰ ਦੇ ਸਾਰੇ ਹੀ ਜੀਅ ਇੱਟਾਂ ਦੇ ਢੇਰ ਵਾਂਗ ਪਏ ਸਨ, ਪਰ ਨਿਰੀਆਂ ਸਾਹ ਸਤਹੀਨ ਇੱਟਾਂ ਨਹੀਂ ।

ਪ੍ਰੀਤੋ — ਮੈਨੂੰ ਤਾਂ ਹਾਲੇ ਤਕ ਨਹੀਂ ਪਤਾ ਕੀ ਹੋਇਆ !

ਸੱਤੋ — ਸ਼ਾਇਦ ਤੇਰੇ ਸਿਰ ਤੇ ਵੀ ਇੱਟ ਡਿਗ ਪਈ ਸੀ ਮਾਂ !

ਪ੍ਰੀਤੋ — ਹੁਣ ਮੇਰੇ ਸਿਰ ਤੇ ਇੱਟਾਂ ਹੀ ਡਿਗਣਗੀਆਂ ਧੀਏ !

ਗੁਰਦੇਵ — ਮਿਹਨਤ ਅਕਾਰਥ ਗਈ ।

— ਖ਼ਾਮੋਸ਼ੀ ।

ਭਾਨ ਸਿੰਘ ਬੋਲਿਆ — ਲੱਖ ਇਹ ਲੋਕ ਸਾਡੇ ਘਰ ਢਾਹ ਲੈਣ, ਮੈਂ ਵੀ ਘਰ ਬਣਾ ਕੇ ਹੀ ਰਹਾਂਗਾ ਤੇ ਅਸੀਂ ਵੀ ਵਸਾਂ ਰਸਾਂਗੇ, ਇਸ ਧਰਤੀ ਉਪਰ ਹੀ......

ਇਸ ਤੋਂ ਬਾਅਦ ਭਾਨ ਸਿੰਘ ਡੁਬਦੇ ਉਭਰਦੇ ਵਿਚਾਰਾਂ ਵਿਚ ਵਿਚਰਦਾ ਟੁੱਟੀਆਂ ਭਜੀਆਂ ਇੱਟਾਂ ਤੇ ਕੰਕਰਾਂ, ਕਲ੍ਹ ਵਾਂਗ ਹੀ ਅਲਗ ਅਲਗ ਢੇਰਾਂ ਤੇ ਸੁਟਣ ਲਗਾ । ਉਹਦੀ ਆਵਾਜ਼ ਹਾਲੇ ਤਕ ਵੀ ਹਨੇਰੇ ਦੇ ਵਾਤਾਵਰਣ ਵਿਚ ਥਿਰਕ ਰਹੀ ਸੀ —

"ਮੈਂ ਕਹਿਨਾਂ ਢੇਰੀ ਢਾਹ ਕੇ ਬੈਠਣ ਨਾਲ ਕੁਝ ਨਹੀਂ ਬਣਨਾ ! ਉਠੋ ਉਸਾਰੀ ਸ਼ੁਰੂ ਕਰੀਏ !"

---

## ਕਹਾਣੀ 'ਭਜੀ' ਦੀ ਬਾਕੀ

ਜਿਉਂ ਹੀ ਘਰ ਵੜਿਆ — ਉਹ ਪੁੱਤਰ ਤੇ ਮਾਂ ਵਿਚਕਾਰ ਹੋ ਰਹੀਆਂ ਵਿਆਹ ਬਾਰੇ ਗੱਲਾਂ ਸੁਣ ਕੇ ਗਰਜਿਆ । — 'ਇਹ ਵਿਆਹ ਨਹੀਂ ਹੋਵੇਗਾ !'

ਮਾਂ ਨੇ ਪੁੱਤਰ ਵੱਲ ਤੇ ਪੁੱਤਰ ਨੇ ਬਾਪ ਵੱਲ ਹੈਰਾਨੀ ਨਾਲ ਤੱਕਿਆ !

'ਕਿਉਂ ?' ਮਾਂ ਦਾ ਤਿਖਾ ਸਵਾਲ ਸੀ ।

'ਬੱਸ ਨਹੀਂ ਹੋਵੇਗਾ !' — ਆਖ ਤਾਂ ਦਿੱਤਾ ।

'ਕੋਈ ਗੱਲ ਵੀ ਤਾਂ ਪਤਾ ਲੱਗੇ ?'

'ਗੱਲ —!' — ਨਸੀਬ ਸਿੰਘ ਨੇ ਕਿਹਾ ਤੇ ਹੱਸਣ ਲੱਗਾ ।

'ਕੀ ਹੋ ਗਿਆ — ਤੈਨੂੰ ਬਾਪੂ ?' ਮਹਿੰਦਰ ਨੇ ਖਿਝ ਕੇ ਪੁੱਛਿਆ ।

'ਭਾਨੀ ਮਾਰਤੀ ਐ — ਸਾਲੇ ਕਿਸੇ ਨੇ !' — ਸੰਖੇਪ ਜੇਹਾ ਜਵਾਬ ਮਿਲਿਆ ।

'ਕੀ ?' — ਮਾਂ ਨੇ ਤੇਜ਼ੀ ਨਾਲ ਹੈਰਾਨ ਹੁੰਦੇ ਪੁੱਛਿਆ ।

'ਅਖੇ ਮੁੰਡਾ ਕਮਿਊਨਿਸਟ ਐ —!' ਨਸੀਬ ਸਿੰਘ ਤੋਂ ਮਸਾਂ ਹੀ ਕਿਹਾ ਗਿਆ ਤੇ ਫੇਰ ਉੱਚੀ ਉੱਚੀ ਪਾਗਲਾਂ ਵਾਂਗ ਹੱਸਣ ਲੱਗਾ ।

O

# INTER-UNIVERSAL FOOD EMPORIUM

**9369 SCOTT RD. (120 St.)**

**DELTA, B.C.**

**Phone: 584-7313**

**Phone: 584-7313**

## ALL EAST INDIAN GROCERIES:

- ROTI FLOUR
- DALS.
- Pickels of all kinds
- Chutneys
- Makki da atta
- Spices of all kinds
- Fresh and green vegetables
- Fresh mangoes &
- 8-track recorded tapes & records

**STORE HOURS:**
**MONDAY thru THURSDAY:**
**10:30 A.M. to 7:00 P.M.**
**FRIDAY: 10:30 A.M. to 9:00 P.M.**
**SATURDAY: 9 A.M. to 7:00 P.M.**
**SUNDAY: 11:00 A.M. to 3:00 P.M.**

- ਰੋਟੀ ਪਕਾਉਣ ਵਾਲਾ ਆਟਾ
- ਦਾਲਾਂ
- ਸਭ ਤਰ੍ਹ ਦੇ ਆਚਾਰ
- ਚਟਣੀਆਂ
- ਮੱਕੀ ਦਾ ਆਟਾ
- ਹਰ ਕਿਸਮ ਦੇ ਮਸਾਲੇ
- ਤਾਜ਼ਾ ਹਰੀਆਂ ਸਬਜ਼ੀਆਂ
- ਤਾਜ਼ਾ ਅੰਬ
- 8 ਟਰੈਕ ਦੀਆਂ ਰੀਕਾਰਡ-ਟੇਪਾਂ ਅਤੇ ਰੀਕਾਰਡ

UTENSILS *

* ਭਾਰੇ ਥੱਲੇ ਵਾਲੇ ਪਤੀਲੇ

SPECIAL REDUCTION ON MARRIAGES

ਵਿਆਹ-ਸ਼ਾਦੀਆਂ ਵਾਸਤੇ ਵਿਸ਼ੇਸ਼ ਰਿਆਇਤ

LOTS OF PARKING SPACE

ਕਾਰਾਂ ਪਾਰਕ ਕਰਨ ਵਾਸਤੇ ਖੁੱਲੀ-ਡੁੱਲੀ ਜਗ੍ਹਾ

# ਇੰਟਰ ਯੂਨੀਵਰਸਲ ਫੂਡ ਇਮਪੋਰੀਅਮ

# ਵੱਡੇ ਬੰਦਿਆਂ ਦੀਆਂ ਵੱਡੀਆਂ ਗੱਲਾਂ

-ਅਤ ਸੈਲਾਨੀ

ਇਕ ਨੌਜਵਾਨ ਸਾਹਿਤਕਾਰ ਅੰਗਰੇਜ਼ੀ ਦੇ ਪ੍ਰਸਿਧ ਲਿਖਾਰੀ ਅਸਕਰ ਵਾਈਲਡ ਪਾਸ ਗਿਆ, ਅਰ ਸ਼ਿਕਾਇਤੀ ਲਹਿਜੇ ਵਿਚ ਕਹਿਣ ਲਗਾ, "ਇਕ ਮੁਦਤ ਤੋਂ ਲਿਖ ਰਿਹਾ ਹਾਂ, ਤੇ ਬੜਾ ਕੁਝ ਲਿਖ ਵੀ ਚੁਕਿਆ ਹਾਂ, ਪਰ ਅਜਿਹਾ ਜਾਪਦਾ ਹੈ, ਕਿ ਦੇਸ਼ ਭਰ ਦੇ ਪੜ-ਚੋਲੀਆਂ ਨੇ ਮੇਰੇ ਵਿਰੁਧ ਸਾਜ਼ਸ਼ ਕਰ ਰਖੀ ਹੈ, ਕਿਉਂਕਿ ਕਦੀ ਕਿਸੇ ਨੇ ਮੇਰੇ ਬਾਰੇ ਇਕ ਸਤਰ ਵੀ ਨਹੀਂ ਲਿਖੀ। ਹੁਣ ਦਸੋ ਮੈਨੂੰ ਕੀ ਕਰਨਾ ਚਾਹੀਦਾ ਹੈ ?'

ਅਸਕਰ ਨੇ ਬੜੀ ਸੰਜੀਦਗੀ ਨਾਲ ਹਮਦਰਦੀ ਜ਼ਾਹਿਰ ਕਰਦਿਆਂ ਹੋਇਆਂ ਕਿਹਾ "ਮੇਰੀ ਸਲਾਹ ਇਹ ਹੈ ਕਿ ਤੁਹਾਨੂੰ ਵੀ ਉਸ ਸਾਜ਼ਸ਼ ਵਿਚ ਸ਼ਾਮਲ ਹੋ ਜਾਣਾ ਚਾਹੀਦੈ।"

ਡਾਕਟਰ ਜਾਨਸਨ ਅੰਗਰੇਜ਼ੀ ਦੇ ਪ੍ਰਸਿਧ ਲੇਖਕ ਨੂੰ ਨਿਰਾ ਸਕਾਟਲੈਂਡ ਨਾਲ ਹੀ ਨਹੀਂ, ਸਗੋਂ ਉਥੋਂ ਦੀ ਹਰ ਚੀਜ਼ ਨਾਲ ਸਖਤ ਨਫਰਤ ਸੀ। ਕਿਸੇ ਨੇ ਉਸ ਨੂੰ ਛੇੜਦਿਆਂ ਹੋਇਆਂ ਕਿਹਾ, "ਡਾਕਟਰ ! ਤੁਹਾਨੂੰ ਸਕਾਟਲੈਂਡ ਦੀ ਸਭ ਤੋਂ ਖੂਬਸੂਰਤ ਚੀਜ਼ ਕੀ ਲਗਦੀ ਹੈ ?"

ਡਾਕਟਰ ਨੇ ਝਟ ਉਤਰ ਦਿਤਾ, "ਸਿਰਫ਼ ਇਕੋ ਚੀਜ਼ ਤੇ ਉਹ ਹੈ ਸਕਾਟਲੈਂਡ ਤੋਂ ਇੰਗਲੈਂਡ ਆਉਣ ਵਾਲੀ ਸੜਕ।"

ਸ਼ਾਅ ਦੀ ਵਿਦਵਤਾ ਤੇ ਮੋਹਤ ਹੋ ਕੇ ਇਕ ਸੁੰਦਰੀ ਨੇ ਸ਼ਾਅ ਨੂੰ ਚਿਠੀ ਲਿਖੀ, "ਪਿਆਰੇ ! ਆਓ; ਅਸੀਂ ਵਿਆਹ ਕਰ ਲਈਏ। ਤੁਸੀਂ ਬਹੁਤ ਵਡੇ ਵਿਦਵਾਨ ਹੋ ਤੇ ਮੈਂ ਸੁੰਦਰ ਹਾਂ। ਸਾਡੇ ਦੋਹਾਂ ਦੀ ਔਲਾਦ ਕਿੰਨੀ ਵਿਦਵਾਨ ਅਤੇ ਸੁੰਦਰ ਹੋਵੇਗੀ।"

ਸ਼ਾਅ ਨੇ ਉਤਰ ਦਿਤਾ, "ਰਬ ਦੇ ਰੰਗ ਨਿਆਰੇ ਹਨ, ਸੁੰਦਰੀ ! ਜੇ ਉਸ ਨੇ ਸਾਡੀ ਔਲਾਦ ਵਿਚ ਮੇਰੀ ਸੁੰਦਰਤਾ ਅਰ ਤੇਰੀ ਵਿਦਵਤਾ ਭਰ ਦਿਤੀ ਤਾਂ ਸਾਡੇ ਬਚਿਆਂ ਵਰਗੇ ਮੂਰਖ ਤੇ ਕੋਝੇ ਬਚੇ ਸੰਸਾਰ ਵਿਚ ਨਹੀਂ ਮਿਲਣੇ।"

ਅਲੰਗਜ਼ੈਂਡਰ ਪੋਪ ਅੰਗਰੇਜ਼ੀ ਦੇ ਪ੍ਰਸਿਧ ਸ਼ਾਇਰ ਪਾਸ ਇਕ ਦੇਵੀ ਜੀ ਆਏ, ਤੇ ਆਪਣੇ ਕੁੱਤੇ ਦੇ ਗਲ ਵਿਚ ਪਾਣ ਵਾਲੇ ਪਟੇ ਤੇ ਲਿਖਣ ਲਈ ਇਕ ਸ਼ਿਅਰ ਲਈ ਬੇਨਤੀ ਕੀਤੀ। ਪੋਪ ਨੇ ਸ਼ੇਅਰ ਲਿਖ ਦਿਤਾ, 'ਮੈਂ ਦੇਵੀ ਜੀ ਦਾ ਕੁਤਾ ਹਾਂ, ਸ੍ਰੀਮਾਨ ਜੀ, ਤੁਸੀਂ ਕਿਸ ਦੇ ਹੋ ?"

ਡਾਕਟਰ ਜਾਨਸਨ ਨੂੰ ਕਕੜੀ (ਤਰ) ਨਾਲ ਬੜੀ ਨਫਰਤ ਸੀ। ਇਕ ਦੋਸਤ ਨੇ ਇਕ ਮਹਿਫਲ ਵਿਚ ਕਿਹਾ, "ਡਾਕਟਰ, ਤੁਹਾਡੇ ਖਿਆਲ ਵਿਚ ਕਕੜੀ ਖਾਣ ਦਾ ਸਭ ਤੋਂ ਵਧੀਆ ਢੰਗ ਕੀ ਹੈ ?"

ਡਾਕਟਰ ਬੋਲਿਆ, "ਸਭ ਤੋਂ ਪਹਿਲਾਂ ਉਸ ਨੂੰ ਛਿਲਿਆ ਜਾਏ, ਫਿਰ ਬੜੇ ਸੁਚੱਜੇ ਢੰਗ ਨਾਲ ਉਸ ਨੂੰ ਕਟਿਆ ਜਾਏ, ਮਗਰੋਂ ਲੂਣ ਤੇ ਕਾਲੀ ਮਿਰਚ ਛਿਣਕੀ ਜਾਏ, ਫਿਰ ਸਿਰਕਾ ਅਰ ਸਲਾਦ-ਤੇਲ ਇਸ ਵਿਚ ਮਿਲਾਇਆ ਜਾਵੇ ਤੇ ਅੰਤ ਇਸ ਨੂੰ ਕਿਸੇ ਨੇੜੇ ਦੇ ਨਾਲੇ ਵਿਚ ਸੁਟ ਦਿਤਾ ਜਾਏ। ਭਲਾ, ਇਹ ਵੀ ਕੋਈ ਖਾਣ ਦੀ ਚੀਜ਼ ਹੈ।"

ਸੰਤ ਇੰਦਰ ਸਿੰਘ ਜੀ ਚਕਰਵਰਤੀ ਕਿਸੇ ਦੇ ਘਰ ਮਹਿਮਾਨ ਬਣੇ। ਮੇਜ਼ਮਾਨ ਨੇ ਬੜੇ ਸਤਿਕਾਰ ਨਾਲ ਪੁਛਿਆ,"ਸੰਤ ਜੀ, ਮੀਟ ਬਾਰੇ ਤੁਹਾਡਾ ਕੀ ਵਿਚਾਰ ਹੈ ?"

'ਮੀਟ, ਇਸ ਵਰਗੀ ਤਾਂ ਕੋਈ ਸਵਾਦੀ ਚੀਜ਼ ਹੀ ਨਹੀਂ ਹੁੰਦੀ। ਮਿਰਚ ਮਸਾਲਾ ਸੁੰਘ ਕੇ ਹੀ ਬੰਦੇ ਦੀ ਤਬੀਅਤ ਪ੍ਰਸੰਨ ਹੋ ਜਾਂਦੀ ਹੈ,' ਸੰਤ ਜੀ ਨੇ ਕਿਹਾ।

ਸ਼ਾਮੀਂ ਜਦ ਕਈ ਕਿਸਮ ਦੇ ਮਾਸ ਤਿਆਰ ਹੋ ਮੇਜ਼ ਤੇ ਆ ਗਏ, ਤਾਂ ਸੰਤ ਜੀ ਨੇ ਕਿਹਾ, 'ਮੈਂ ਤਾਂ ਮੀਟ ਨਹੀਂ ਖਾਂਦਾ। ਮੈਨੂੰ ਤਾਂ ਤੁਸੀਂ ਅਧ ਕੁ ਪਾ ਦਹੀਂ ਬਜ਼ਾਰੋਂ ਮੰਗਾ ਦਿਓ।"

"ਪਰ ਸੰਤ ਜੀ ਮਹਾਰਾਜ, ਤੁਸੀਂ ਸਵੇਰੇ ਮਾਸ ਦੀ ਬੜੀ ਉਸਤਤ ਕੀਤੀ ਸੀ ?"

'ਉਸਤਤ ਤਾਂ ਮੈਂ ਹੁਣ ਵੀ ਕਰਦਾ ਹਾਂ, ਪਰ ਮੈਂ ਜਨੌਰਾਂ ਦੇ ਮਾਸ ਨੂੰ ਆਪ ਨਹੀਂ ਖਾਂਦਾ। ਤੁਸੀਂ ਮੈਥੋਂ ਸਵੇਰੇ ਇਹ ਨਹੀਂ ਸੀ ਪੁਛਿਆ ਕਿ ਮੈਂ ਮਾਸ ਖਾਂਦਾ ਹਾਂ ਕਿ ਨਹੀਂ" ਤੇ ਇਸ ਪਿਛੋਂ ਸੰਤ ਜੀ ਲਈ ਦਹੀਂ ਮੰਗਾਇਆ ਗਿਆ।

"ਘੋੜਾ ਬਾਦਸ਼ਾਹ" ਬਾਰੇ ਚਰਚਾ ਚਲ ਰਹੀ ਸੀ।

ਗੁਰਨਾਮ ਪੁਰੀ ਬੋਲਿਆ, "ਬਈ ਸੁਣਿਓ, 'ਘੋੜਾ ਬਾਦਸ਼ਾਹ' ਪੁਸਤਕ ਲਗ ਗਈ ਹੈ।

"ਉਹ ਕਿਥੇ ?'

"ਜੇਹਲ ਵਿਚ।"

"ਉਹ ਕਿਵੇਂ ?"

"ਪਤਾ ਲਗਾ ਏ ਕਿ ਜਿਹੜਾ ਇਸ ਨੂੰ ਪੜ੍ਹੇਗਾ ਉਸਨੂੰ ਛੇ ਮਹੀਨੇ ਦੀ ਸਜ਼ਾ ਮਿਲਦੀ ਹੈ।"

"ਤੇ ਤੂੰ ਇਹ ਪੜ੍ਹੀ ਕਿ ਨਹੀਂ ?"

"ਮੈ ਤਾਂ ਸਾਲ ਭਰ ਲਈ ਜੇਹਲ ਜਾਣ ਨੂੰ ਤਿਆਰ ਹਾਂ, ਪਰ ਪੜ੍ਹ ਨਹੀਂ ਸਕਦਾ।"

# GILL'S

FURNITURE — APPLIANCES
CARPET — DRAPES —
COLOR T.V.'s — ETC.

*Lots of Free Parking*

4678 Main St. at 30th Ave. 872-8478

FREE DELIVERY ANYWHERE IN GREATER VANCOUVER AREA

## PERFORMANCE TELEVISION



### The QB 7660 COLOR TELEVISION

• 19" Picture Tube • 100% Solid State Chassis and Tuning • Automatic Fine Tuning Control (AFC) • DC Restoration • UHF Tuning System • Direct Read Channel Indicators • 1-3x5" Speaker • Home Replaceable Dipole Antenna • Polystyrene Cabinet in Walnut Grain • Dimensions: 23" W, 17½" H, 19⅞" D.

**Unbeatable Value at Only $499**



### MADRID A 1976 COLOR TV—Available NOW

Look At These Features: • 26" (315 sq. in.) Spectra Brite IV Picture Tube • 100% Modular Solid State Chassis • Advanced "One Touch" Color Tuning • Color and Tint Range Lock • Automatic Chroma Control (ACC) • Automatic Fine Tuning Control (AFC) • Customatic Tint Lock • DC Restoration • Plus 70 UHF Tuning System • Lighted VHF/UHF Channel Windows • 4-5"x5" Speakers • Tone Control • Castors • Mediterranean Cabinet in Pecan Veneers • Dimensions: 48-⅛" W, 28-¾" H, 21" D.

**Unbeatable Value at Only $995**

**TERMS To Suit Your Budget**
**90 Days — SAME AS CASH**

### 20" Super Solor Color PORTABLE TV "The Consort"

- COLOR MASTER "one-touch" color control.
- 100% Solid state AFC.
- Pre-set VHF fine tuning.
- Solid state VHF/UHF tuners.
- Rotary preference controls.
- Push-push on-off/volume control
- Easy-carry handle.
- Dipole antenna.
- ⅝" X ⅜" Alnico V speaker.

Absolutely outstanding value at ONLY **$469**




This includes 1 year FREE in home service PLUS complete Admiral Warranty.

**Terms to suit your budget • 90 Days same as cash**

**We absolutely guarantee 100% satisfaction in your home.**

We guarantee the lowest prices in B.C. on any item we sell. We will refund the difference in cash if found at a lower price elsewhere within 30 days.

# UNBEATABLE VALUES!

## YOUR CHOICE AT ONE PRICE ONLY .... $488



**4 Piece as shown** Sofa, 2 Chairs and Ottoman in 100% Herculon, stain resistant fabric in 2 colors.
**YOUR CHOICE ONLY** .............. $488



**4 Piece Sectional as shown in Beautiful Fabrics.** 2 colors (gold & red) with contrasting reversible cushion.
**YOUR CHOICE ONLY** ......... $488

## YOUR CHOICE AT ONE PRICE ONLY ... $499



**Exactly as shown — Beautiful 6-pce. Spanish Bedroom Suite.** Triple dresser, mirror, 5 drawer chest, Headboard and 2 Night Tables. **Your Choice at the Unbelievable Low Low Price of only** ............................ $499



**Exactly as shown — Beautiful 6-pce. Mediterranean Bedroom Suite.** Triple Dresser, Mirror, 5-Drawer Chest, Headboard and 2 Night Tables. **Your Choice at the Unbelievable Low Low Price of Only** ............... $499



**MORSE STEREO** A beautiful way to create your own tapes. This 60" Mediterranean 100% Solid State Stereo Console in Pecan finish has an 8-track tape recorder and player plus AM/FM/FM stereo radio and BSR automatic record changer. ONLY ...........



**2-pce. Chesterfield Suite.** In Beautiful 100% Herculon covers. **Your Choice of Colors at the Extra Special Low Price of Only** ........... $248

**GILLS**
FURNITURE — APPLIANCES
CARPETS — DRAPES
— COLOR TV
4678 Main St. at 30th Ave. 872-8478

# HIMALAYA RESTAURANT

**2313 MAIN STREET**
**VANCOUVER, B.C.**

**LICENSED PREMISES**
**PHONE: 876-2911**

## ਹਿਮਾਲੀਆ ਰੈਸਟੋਰੈਂਟ

ਜਿਥੇ

ਹਰ ਕਿਸਮ ਦੀਆਂ ਤਾਜ਼ੀਆਂ ਸੁਆਦੀ ਪੰਜਾਬੀ ਮਠਿਆਈਆਂ ਹਰ ਵਕਤ ਤਿਆਰ ਮਿਲਦੀਆਂ ਹਨ।

ਹਰ ਕਿਸਮ ਦੀ ਬੀਅਰ ਅਤੇ ਵਾਈਨ ਵੀ ਮਿਲਦੀ ਹੈ!!

ਵਿਆਹ ਸ਼ਾਦੀਆਂ ਲਈ INDOOR ਤੇ OUTDOOR ORDERS ਉਤੇ ਵੱਡੇ 'ਪੈਮਾਨੇ ਤੇ ਮਠਿਆਈ ਦੀ ਤਿਆਰ ਕੀਤੀ ਜਾਂਦੀ ਹੈ!!!

**FOR ANY KIND OF**

**Photography**

**REMEMBER !!**

# SANDEEP STUDIO

**8157 MAIN STREET**
**— at —**
**MARINE DRIVE**

**TELEPHONE: 324-4727 325-9255**


# ਭਾਨੀ

ਸੁਖਜੀਤ ਭੱਠਲ

ਮਹਿੰਦਰ, ਜ਼ੈਲਦਾਰ ਨਸੀਬ ਸਿੰਘ ਦਾ ਇਕਲੌਤਾ ਪੁੱਤਰ ਸੀ। ਗੁੰਦਿਆ ਸਰੀਰ — ਲਹੂ ਭਖਦਾ ਚਿਹਰਾ — ਮੋਟੀਆਂ ਮੋਟੀਆਂ ਅੱਖਾਂ। ਤੇ ਜਦ ਉਹ ਘਰੋਂ ਨਿਕਲਦਾ — ਪਿੰਡ ਦੀਆਂ ਜੁਆਨ ਕੁੜੀਆਂ ਇੱਕਠੀਆਂ ਹੋ ਕੇ ਉਸ ਵੱਲ ਦੇਖਦੀਆਂ ਹੋਈਆਂ ਘੁਸਰ-ਮੁਸਰ ਕਰਨ ਲੱਗ ਪੈਂਦੀਆਂ। ਕਈ ਵਾਰ ਜਦ ਮਹਿੰਦਰ ਪਿੰਡ ਦੀ ਕਿਸੇ ਬਾਹਰਲੀ ਜੂਹ ਤੇ ਮਿਲ ਪੈਂਦਾ ਤਾਂ ਉਹ ਆਸੇ ਪਾਸੇ ਦੇਖ ਕੇ ਉਸ 'ਤੇ ਵਿਅੰਗ ਵੀ ਕਸਦੀਆਂ —

ਸ਼ਰਮ 'ਨੀ' ਆਉਂਦੀ ਕੁੜੇ ਕਈਆਂ ਨੂੰ ਤਾਂ—ਭਲਾ ਕੁੜੀਆਂ ਕਤਰੀਆਂ ਕੋਲ ਦੀ ਜਾਣ ਜਾਣ ਐਵੇਂ ਲੰਘਣ ਦਾ ਕੀ ਫਾਇਦਾ —?' ਕੋਈ ਕਹਿੰਦੀ।

'ਹਟ ਨੀ ਬੇਸ਼ਰਮੇ — ਐਵੇਂ ਕਿਉਂ — ਘੜੇ ਚੁਕਾਉਣ ਦਾ ਮਾਰਾ ਆਉਂਦਾ ਈ ਵਿਚਾਰਾ — ਉਹ ਤਾਂ —!' ਦੂਜੀ ਆਖਦੀ।

ਤੇ ਸਭ ਖਿੜ ਖਿੜਾ ਕੇ ਹੱਸਦੀਆਂ।

ਮਹਿੰਦਰ ਵੀ ਉਨ੍ਹਾਂ ਦੀਆਂ ਗੱਲਾਂ ਸੁਣ ਕੇ ਮੁਸਕ੍ਰਾਏ ਬਿਨਾਂ ਨਾ ਰਹਿ ਸਕਦਾ। ਤ ਆਪਣੇ ਰਾਹ ਤੁਰ ਜਾਂਦਾ। ਤੇ ਕੁੜੀਆਂ ਉਸ ਨੂੰ ਦੂਰ ਤੱਕ ਮੋਰ ਵਾਂਗ ਚਲਦੇ ਨੂੰ ਦੇਖਦੀਆਂ ਰਹਿੰਦੀਆਂ।

ਇਕ ਦਿਨ ਪਿੰਡ ਦਾ ਨੰਬਰਦਾਰ ਨਸੀਬ ਸਿੰਘ ਕੋਲ ਆਇਆ।

"ਲੈ ਬਈ ਜ਼ੈਲਦਾਰਾ—ਮਹਿੰਦਰ ਦਾ ਰਿਸ਼ਤਾ ਮੈਂ ਲਿਆਉਣਾ ਈ—ਆਪਣੇ ਰਿਸ਼ਤੇਦਾਰ ਈ ਐ। ਚੰਗਾ ਖਾਂਦਾ ਪੀਂਦਾ ਘਰ ਐ — ਮੁੰਡਾ ਪੱਕਾ ਹੋ ਗਿਆ — ਅੱਜ ਤੋਂ।" ਨੰਬਰਦਾਰ ਨੇ ਇਕ ਸਾਹ ਵਿਚ ਹੀ ਸਭ ਕੁਝ ਕਹਿ ਦਿੱਤਾ।

ਨਸੀਬ ਸਿੰਘ ਦੀ ਖੁਸ਼ੀ ਦੀ ਕੋਈ ਹੱਦ ਨਾ ਰਹੀ।

THE WATNO DŪR
# DIRECTORY

ਵਤਨੋਂ ਦੂਰ

**ARE YOU INTERESTED IN PROMOTING YOUR BUSINESS?**
**Enlist yourself in The Watno Dur directory (being re-organized very soon) at very nominal charges which would**
**PROMOTE YOUR BUSINESS AND BENEFIT READERS.**

CALL
**WATNO DUR**
**734-1413**

MONDAY TO FRIDAY
5 p.m. to 8 p.m.


'ਹੋਰ ਕੀ ਚਾਹੀਦੈ ਨੰਬਰਦਾਰਾ — ਮੈਨੂੰ ਕਬੂਲ ਐ।' ਨਸੀਬ ਸਿੰਘ ਨੇ ਝੱਟ ਹਾਂ ਆਖ ਦਿਤੀ। 

ਮੰਗਣੀ ਦੀ ਤਾਰੀਖ ਵੀ ਨਿਸ਼ਚਿਤ ਹੋ ਗਈ।

ਮਹਿੰਦਰ ਨੂੰ ਵੀ ਇਸ ਗੱਲ ਦੀ ਖੁਸ਼ੀ ਸੀ ਕਿ ਨੰਬਰਦਾਰ ਉਸ ਦਾ ਰਿਸ਼ਤਾ ਕਰਾ ਰਿਹਾ ਹੈ।

ਨੰਬਰਦਾਰ ਦੀ ਖੁਸ਼ੀ ਦਾ ਕੋਈ ਟਿਕਾਣਾ ਨਹੀਂ ਸੀ। ਉਸ ਨੂੰ ਇਸ ਗੱਲ ਦਾ ਮਾਣ ਸੀ ਕਿ ਉਸ ਨੇ ਆਪਣੇ ਇਕ ਨਜ਼ਦੀਕੀ ਰਿਸ਼ਤੇਦਾਰ ਦੀ ਧੀ ਲਈ — ਸੋਹਣਾ ਸੁਨੱਖਾ ਤੇ ਸਰੀਫ ਵਰ ਲੱਭਿਆ ਸੀ।

ਤੇ ਫੇਰ ਇਕ ਦਿਨ — ਆਪਣੇ ਖੇਤ ਤੂਤਾਂ ਦੀ ਛਾਵੇਂ ਬੈਠੇ ਮਹਿੰਦਰ ਕੋਲ ਕਿਸੇ ਨੇ ਗੱਲ ਛੇੜੀ —

'ਸੁਣਿਐ ਨੰਬਰਦਾਰ ਤੇਰਾ ਰਿਸ਼ਤਾ ਕਰਾ ਰਿਹੈ?' —

'ਹਾਹੋ' — ਮਹਿੰਦਰ ਨੇ ਮਾਣ ਨਾਲ ਕਿਹਾ।

'ਪਰ ਉਹ ਕੁੜੀ ਤਾਂ...।' ਉਸ ਆਦਮੀ ਨੇ ਬਾਕੀ ਗੱਲ ਮਹਿੰਦਰ ਦੇ ਕੰਨ ਵਿਚ ਕਰਦਿਆਂ ਕਿਹਾ।

'ਤੈਨੂੰ ਕਿਵੇਂ ਪਤੇ – ?' ਮਹਿੰਦਰ ਦੀ ਸਾਰੀ ਖੁਸ਼ੀ ਉੱਡ ਗਈ।

'ਮੈਂ ਖੁਦ ਉਸ ਨਾਲ...।'

ਇਸ ਤੋਂ ਪਹਿਲਾਂ ਕਿ ਉਹ ਅੱਗੇ ਕੁਝ ਬੋਲਦਾ — ਮਹਿੰਦਰ ਨੇ ਉਸ ਦੇ ਮੂੰਹ ਤੇ ਹੱਥ ਰੱਖ ਦਿੱਤਾ — ਤੇ ਉਦਾਸ ਉਦਾਸ ਕਦਮ ਪੁੱਟਦਾ — ਘਰ ਵੱਲ ਨੂੰ ਤੁਰ ਪਿਆ।

'......ਜੇ ਗੱਲ ਠੀਕ ਹੋਈ...ਸਾਰੇ ਖ਼ਾਨਦਾਨ ਦੀ ਇੱਜ਼ਤ ਦੀ ਨੀਲਾਮੀ...ਲੋਕਾਂ ਦੀਆਂ ਉਂਗਲਾਂ...ਪੈਸੇ ਪੈਸੇ ਦੇ ਲੋਕਾਂ ਕੋਲੋਂ ਨਿਹੋਰੇ...' ਉਹ ਰਾਹ ਵਿਚ ਬਹੁਤ ਕੁਝ ਸੋਚਦਾ ਆਇਆ।

ਤੇ ਘਰ ਪੁੱਜ ਕੇ ਉਸ ਸਾਫ਼ ਕਹਿ ਦਿੱਤਾ ਸੀ — 'ਮੈਂ ਨਹੀਂ ਜੇ ਵਿਆਹ ਕਰਾਉਣਾ —- ਉਥੇ।'

ਵਾਰ ਵਾਰ ਪੁੱਛਣ ਤੇ ਵੀ ਨਸੀਬ ਸਿੰਘ ਨੂੰ, ਮਹਿੰਦਰ ਨੇ ਇਸ ਦਾ ਕਾਰਣ ਨਾ ਦੱਸਿਆ। ਨਸੀਬ ਸਿੰਘ ਨੇ ਬਥੇਰਾ ਸਮਝਾਉਣ ਦੀ ਕੋਸਿਸ਼ ਕੀਤੀ। ਪਰ ਸਭ ਅਸਫ਼ਲ।

ਨਸੀਬ ਸਿੰਘ ਸੋਚਣ ਲੱਗਾ — ਕਿਵੇਂ ਕਹਾਂਗਾ ਨੰਬਰਦਾਰ ਨੂੰ ਕਿ ਇਹ ਵਿਆਹ ਨਹੀਂ ਹੋ ਸਕਦਾ! ਇਹ ਮੰਗਣੀ ਨਹੀਂ ਹੋਵੇਗੀ!!

ਪਰ ਉਸੇ ਸ਼ਾਮ ਨਸੀਬ ਸਿੰਘ ਨੰਬਰਦਾਰ ਨੂੰ ਜੁਆਬ ਦੇ ਆਇਆ — ਪਤਾ ਨਹੀਂ ਕਿਵੇਂ?

ਦਿਨ ਗੁਜ਼ਰਦੇ ਗਏ। ਹੁਣ ਨਸੀਬ ਸਿੰਘ ਨੂੰ ਆਪਣੀ ਜ਼ਿੰਦਗੀ ਦਾ ਭਰੋਸਾ ਨਹੀਂ ਸੀ ਰਿਹਾ — ਉਹ ਆਮ ਤੌਰ ਤੇ ਬੀਮਾਰ ਹੀ ਰਹਿੰਦਾ ਸੀ। ਤੇ ਇਸ ਲਈ ਉਹ ਮਹਿੰਦਰ ਦੀ ਮਾਂ ਦੀ ਹਾਲਤ ਨੂੰ ਦੇਖਦੇ ਹੋਏ, ਉਸ ਦਾ ਵਿਆਹ ਛੇਤੀ ਹੀ ਕਰ ਦੇਣਾ ਚਾਹੁੰਦਾ ਸੀ।

ਕੁਝ ਦਿਨਾਂ ਅੰਦਰ ਹੀ ਇਕ ਲਾਗਲੇ ਪਿੰਡ ਵਿਚ ਉਹ ਮਹਿੰਦਰ ਦੇ ਰਿਸ਼ਤੇ ਦੀ ਗੱਲਬਾਤ ਕਰ ਆਇਆ। ਤੇ ਨਾਲ ਹੀ ਉਸ ਨੇ ਮਹਿੰਦਰ ਨੂੰ ਇਹ ਕਹਿ ਕੇ ਪੱਕਾ ਕਰ ਲਿਆ ਸੀ ਕਿ — ਜੇ ਕਰ ਉਸ ਨੇ ਫਿਰ ਪਹਿਲਾਂ ਵਾਂਗ ਕੀਤਾ ਤਾਂ ਉਹ ਉਸ ਦੀ ਲਾਸ਼ ਦੇਖੇਗਾ।

ਨੰਬਰਦਾਰ ਨੂੰ ਜਿਉਂ ਹੀ ਇਹ ਸੂਹ ਮਿਲੀ — ਉਸ ਦੇ ਦਿਲ ਵਿਚ ਮਹੀਨਿਆਂ ਦੀ ਦੱਬੀ ਚਿਣਗ ਜਿਵੇਂ ਭਾਂਬੜ ਬਣ ਗਈ ਹੋਵੇ। ਉਸ ਨੂੰ ਆਪਣਾ ਆਪ ਝੁਲਸ ਰਿਹਾ ਜਾਪਿਆ। ਉਸ ਨੂੰ ਉਹ ਦਿਨ ਚੰਗੀ ਤਰ੍ਹਾਂ ਯਾਦ ਸੀ — ਜਦ ਨਸੀਬ ਸਿੰਘ ਨੇ ਵਿਆਹ ਤੋਂ ਜੁਆਬ ਦੇ ਕੇ ਸਾਰੇ ਪਿੰਡ ਵਿਚ ਉਸ ਦੀਆਂ ਅੱਖਾਂ ਨੀਵੀਂਆਂ ਕਰਵਾ ਦਿੱਤੀਆਂ ਸਨ।

ਜ਼ਿਉਂ ਜਿਉਂ ਵਿਆਹ ਦੀ ਤਾਰੀਖ ਨੇੜੇ ਆ ਰਹੀ ਸੀ — ਮਹਿੰਦਰ ਦੇ ਮਾਂ-ਪਿਓ ਨੂੰ ਆਪਣੀ ਨੂੰਹ ਨੂੰ ਤੱਕਣ ਦੀ ਲਾਲਸਾ ਤੀਬਰ ਹੋ ਰਹੀ ਸੀ।

ਪਰ ਵਿਆਹ ਤੋਂ ਤਿੰਨ ਕੁ ਦਿਨ ਪਹਿਲਾਂ ਮਹਿੰਦਰ ਦਾ ਪਿਓ, ਖੇਤੋਂ ਆ ਕੇ

( ਬਾਕੀ ਸਫ਼ਾ 13 ਤੇ )

## BAINS INTERNATIONAL TRAVEL SERVICE LTD.

**(MEMBER IATA)**

6364 FRASER STREET
VANCOUVER 15, B.C.
TEL: 324-2277

GROUP DEPARTURE TO INDIA EVERY SATURDAY

1710 DOUGLAS STREET
VICTORIA, B.C.
TEL: 386-6363

ENQUIRE FOR OTHER SPECIAL FARES: AFFINITY GROUP, EXCURSIONS, CHARTERS
LONDON, HONG KONG, SINGAPORE, FIJI OR ANY OTHER PART OF THE WORLD.

We are appointed Agents for all major Airlines, such as — BOAC, AIR INDIA, AIR CANADA, AIR FRANCE, SWISSAIR, ALITALIA, PAN AMERICAN, TWA, JAPAN AIRLINES, CP AIR, NORTHWEST ORIENT, KLM LUFTHANSA, QANTAS, SAS — List is Endless!

**Being IATA member we can issue your ticket while you wait on any air line.**

***Remember . . . One call does it all ! ! !***

ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਜਾਣ ਲਈ ਜਾਂ ਆਪਣੇ ਰਿਸ਼ਤੇਦਾਰਾਂ ਮਿੱਤਰਾਂ ਦੇ ਮੰਗਵਾਉਣ ਲਈ ਸਾਨੂੰ ਦਰਸ਼ਨ ਦਿਉ! ਪਾਸਪੋਰਟ ਤੇ ਵੀਜ਼ਾ ਲੈਣ ਵਿੱਚ ਪੂਰੀ ਮੱਦਦ ਕੀਤੀ ਜਾਵੇਗੀ। IATA ਦੇ ਮੈਂਬਰ ਹੋਣ ਕਰਕੇ ਅਸੀਂ ਤੁਹਾਨੂੰ ਉਸੇ ਸਮੇਂ ਹੀ ਟਿਕਟਾਂ ਦੇ ਸਕਦੇ ਹਾਂ, ਜਦ ਤੁਸੀਂ ਬੁਕਿੰਗ ਕਰਾਓ। ਸਾਡੇ ਤੀਜੇ ਨਵੇਂ ਦਫ਼ਤਰ ਦਾ ਪਤਾ ਹੈ:-

**North Vancouver**
935 Marine Drive
(Capilano Mall)
Tel: 980-0351

# MALKIAT SINGH ATHWAL

SPECIALIZING IN LOW-COST TERM INSURANCE FOR MORTGAGES & LIFE INSURANCE. ALSO RETIREMENT SAVINGS PLANS WITH HIGH RATE OF RETURN. CHECK OUR RATES BEFORE OBLIGATING YOURSELF — FINANCIAL PLANNING FOR FUTURE — AND INCOME TAX INFORMATION.



**OFFICE: 521-3778 RES.: 980-9630**

ਆਪਣੀ ਬਹੁਮੁੱਲੀ ਕਮਾਈ ਦੀ ਜੀਵਨ-ਬੀਮੇ ਰਾਹੀਂ ਵੱਧ ਤੋਂ ਵੱਧ ਪ੍ਰੋਟੈਕਸ਼ਨ ਲੈਣ ਲਈ, ਪੈਸੇ ਦੀ ਠੀਕ ਪਲੈਨਿੰਗ ਲਈ, ਟੈਕਸ-ਬੱਚਤ ਲਈ ਅਤੇ ਭਵਿੱਖ ਦੀ ਆਮਦਨ ਲਈ
ਮਲਕੀਤ ਸਿੰਘ ਅਠਵਾਲ
ਨੂੰ ਸੇਵਾ ਦਾ ਮੌਕਾ ਦਿਓ।

# ਆਪਣੇ ਸਰਦਾਰ ਜੀ

ਐਮ. ਐਸ. ਸੇਠੀ

ਗੁਲਾਬੀ ਭਾਹ ਮਾਰਦੀਆਂ ਗੱਲ੍ਹਾਂ ਭਰੀਆਂ, ਭਰੀਆਂ ਨਿੱਕੀ ਨਿੱਕੀ ਦਾਹੜੀ ਤੇ ਮੁੱਛਾਂ ਜਿਉਂ ਮਸਾਂ ਫੁਟਣੀਆਂ ਸ਼ੁਰੂ ਹੋਈਆਂ ਹੋਣ, ਪਰ ਰੰਗ ਚਿਟਿਆਈ 'ਤੇ ! ਮੋਤੀਆ ਰੰਗੀ ਪੱਗ ਤੇ ਕਾਲੀ ਚੌੜੀ, ਹੇਠਾਂ ਪਟਕੀ — ਵਾਹਵਾ ਸੁਹਣਾ ਉੱਚਾ ਲੰਮਾ ਕੱਦ !

ਗਰੀਨ ਪਾਰਕ ਵਿਚ, ਚਿੱਟੇ ਮੂੰਹ ਮੱਥੇ ਤੇ ਦੂਧੀਆ ਸਲੇਟੀ ਬੂਹਿਆਂ ਤੇ ਵੱਡੇ ਵੱਡੇ ਸ਼ੀਸ਼ਿਆਂ ਵਾਲੀ ਕੋਠੀ ਅੱਗੇ, ਜੋ ਸੜਕ ਦੀਆਂ ਨੀਊਨ ਲਾਈਟਾਂ ਵਿਚ ਹੋਰ ਵੀ ਧੋਤੀ ਨਹਾਤੀ ਜਾਪਦੀ, ਪਹੁੰਚਦਿਆਂ ਹੀ, ਗੇਟ 'ਤੇ ਹਾਰਨ ਵਜਾਂਦੇ ਤੇ ਇੰਨੇ ਨੂੰ ਝੱਟ ਇਕ ਅਲੂਆਂ ਜਿਹਾ ਪਹਾੜੀਆ ਮੁੰਡਾ ਆ ਕੇ ਗੇਟ ਖੋਲ੍ਹ ਦੇਂਦਾ ਤੇ ਉਹ ਸਿੱਧੇ, ਕਾਰ ਗੈਰਜ ਦੇ ਮੂੰਹ ਅੱਗੇ ਜਾ ਖਲ੍ਹਾਰਦੇ ।

ਝਮ ਝਮ ਕਰਦੇ ਵਿਚੋਂ ਨਿਕਲਦੇ ਤੇ ਕੋਠੀ ਦੇ ਮੂਹਰੇ, ਹਰੇ ਭਰੇ ਲਾਨ ਵਿਚ ਪਹੁੰਚ ਜਾਂਦੇ, ਜਿਥੇ ਅਲਕਾ, ਬੈਂਤ ਦੀਆਂ ਚਾਰ ਪੰਜ ਕੁਰਸੀਆਂ, ਬੈਂਤ ਦੀ ਹੀ ਇਕ ਮੇਜ਼ ਦੁਆਲੇ ਵਿਛਾਈ, ਮੇਜ਼ 'ਤੇ ਲੱਤਾਂ ਖਲਾਰੀ, ਕੋਈ ਨਾਵਲ ਜਾਂ ਮੈਗਜ਼ੀਨ ਪੜ੍ਹ ਰਹੀ ਹੁੰਦੀ । ਕਿਰਨ ਤੇ ਰਿਸ਼ਮਾਂ, ਦੋਵੇਂ ਕਾਰ ਵਿਚ ਪਹੁੰਚੇ ਹੁੰਦੇ । ਉਹ ਲਫਾਫ਼ੇ ਚੁੱਕੀ ਤੇ ਗੇਂਦ ਵਾਂਗ ਬੁੜਕਦੇ ਲਾਨ ਵਾਲੇ ਪਾਸੇ ਆ ਜਾਂਦੇ — ਫੱਲ ਹੁੰਦੇ, ਫ਼ਰਾਕਾਂ ਹੁੰਦੀਆਂ, ਇਕ ਅੱਧ ਸਾੜ੍ਹੀ ਹੁੰਦੀ !

ਸਰਦਾਰ ਜੀ ਨੂੰ ਆਉਂਦਿਆਂ ਵੇਖ ਕੇ ਵੀ, ਅਲਕਾ ਮੇਜ਼ ਤੋਂ ਲੱਤਾਂ ਨਾ ਚੁੱਕਦੀ — ਤੇ ਕਿਤਾਬ ਵਿਚ ਉਂਗਲ ਰੱਖੀ ਰੱਖੀ ਮੁਸਕ੍ਰਾ ਪੈਂਦੀ, "ਆ ਗਏ ?" ਤੇ ਆਪਣਾ ਇਕ ਹੱਥ ਅੱਗੇ ਵਧਾ ਕੇ ਸਰਦਾਰ ਜੀ ਦਾ ਹੱਥ ਘੁੱਟ ਲੈਂਦੀ ।

"ਕੀ ਪੜ੍ਹਿਆ ਜਾ ਰਿਹਾ ਹੈ ਅੱਜ ਫਿਰ ?" ਤੇ ਉਹ ਸਾਹਮਣੀ ਕੁਰਸੀ ਤੇ ਬਹਿ ਜਾਂਦੇ ।

ਕੁਰਸੀ ਤੇ ਬਹਿੰਦਿਆਂ ਹੀ ਅਲਕਾ ਦੇ ਗੋਰੇ ਚਿੱਟੇ ਪੈਰਾਂ ਨੂੰ ਤੇ ਨਹੁੰ ਰੰਗੇ ਉਂਗਲਾਂ ਨੂੰ ਆਪਣੇ ਦੋਹਾਂ ਹੱਥਾਂ ਵਿਚ ਘੁੱਟ ਲੈਂਦੇ ਤੇ ਫਿਰ ਦੋਹਾਂ ਨੂੰ ਆਪੋ ਵਿਚ ਜੋੜ ਕੇ ਜਿਉਂ ਇਕ ਕਰ ਦੇਂਦੇ ।

"ਲੋਲੀਤਾ ਪੜ੍ਹ ਰਹੀ ਸਾਂ ।"

"ਇਟ ਇਜ਼ ਵੰਡਰਫੁਲ ! ਕਿਵੇਂ ਲੱਗੀ ?"

"ਸਾਰੇ ਹੀ ਮਰਦਾਂ ਨੂੰ ਇਹ 'ਵੰਡਰਫੁਲ' ਲਗੀ ਹੈ — !" ਤੇ ਅੱਗੋਂ ਉਹ ਹੱਸ ਪਈ ।

ਪਹਾੜੀਆ ਬਿਰਜੂ ਇਕ ਟਰੇ ਵਿਚ ਦੋ ਕੋਕਾ ਕੋਲਾ ਤੇ ਦੋ ਗਲਾਸ ਮੇਜ਼ 'ਤੇ ਰਖ ਗਿਆ । ਅਲਕਾ ਨੇ ਆਪਣੇ ਪੈਰ ਖਿੱਚੇ, ਪਰ ਸ: ਜੀ ਨੇ ਛੱਡਣ ਤੋਂ ਪਹਿਲਾਂ ਇਕ ਵੇਰ ਫਿਰ ਆਪਣੇ ਹੱਥਾਂ ਵਿਚ ਘੁੱਟ ਲਏ ਤੇ ਤਲੀਆਂ ਵਿਚ ਖ਼ਬਰੇ ਕੁਤਕੁਤਾਰੀ ਕੱਢੀ, ਅਲਕਾ ਨੇ ਝੱਟ ਆਪਣੇ ਪੈਰ, ਮੁਸਕਰਾਂਦਿਆਂ ਮੇਜ਼ ਤੋਂ ਹੇਠਾਂ ਲਾਹ ਕੇ, ਲਾਨ ਦੇ ਹਰੇ ਘਾਹ 'ਤੇ ਟਿਕਾ ਦਿਤੇ ।

"ਲਓ ।" ਉਸ ਕੋਕਾ ਕੋਲਾ ਵਲ ਭਿਮਣੀਆਂ ਹਿਲਾਈਆਂ ।

"ਤੁਸੀਂ ਲਓ !" ਭਿਮਣੀਆਂ ਨੇ, ਭਿਮਣੀਆਂ ਨੂੰ ਜਿਉਂ ਉੱਤਰ ਦੇ ਦਿਤਾ ।

ਦੂਹਾਂ ਨੇ ਗਲਾਸ ਚੁੱਕ ਕੇ ਹੋਠਾਂ ਨਾਲ ਲਾ ਲਏ ਤੇ ਇਸ ਤਰ੍ਹਾਂ ਪੀਣ ਲਗ ਪਏ, ਜਿਉਂ ਉਹ ਨਹੀਂ, ਸਗੋਂ ਉਹਨਾਂ ਦੇ ਹੋਠ ਹੀ ਪੀ ਰਹੇ ਹੋਣ !

"ਅੱਜ ਫਿਰ ਕੀ ਖੁਆ ਰਹੇ ਹੋ ?"

"ਜੋ ਆਖੋ ।"

"ਮੈਂ ਤਾਂ 'ਬਲੋ ਕੋਲਡ, ਬਲੋ ਹਾਟ' ਦੀਆਂ ਸੀਟਾਂ ਰੀਜ਼ਰਵ ਕਰਾ ਲਈਆਂ ਨੇ ਅੱਜ ।"

"ਪਾਗਲ ਨੇ ਲੋਕ ਵੀ — ਕੀ ਖਾਸ ਗੱਲ ਏ ਉਸ ਵਿਚ !"

"ਕੋਈ ਖ਼ਾਸ ਗੱਲ ਨਹੀਂ — ਦਿਲ 'ਤੇ ਹੱਥ ਰਖ ਕੇ ਆਖਦੇ ਹੋ ?" ਤੇ ਹੱਥ ਵਿਚ ਗਲਾਸ ਫੜੀ ਫੜੀ ਸਰਦਾਰ ਜੀ ਦੀ ਗਰਦਨ ਕੂੰਜ ਵਾਂਗ ਅੱਗੇ ਵਧ ਗਈ ਤੇ ਉਧਰ ਅਲਕਾ ਨੇ ਵੀ ਆਪਣੀ ਗਰਦਨ ਝੀਲ ਵਿਚ ਜਿਉਂ ਡੋਬ ਦਿਤੀ — ਦੂਰੀਆਂ ਮਿਟ ਗਈਆਂ !

"ਟਾਈਮ ਕੀ ਹੋਵੇਗਾ ?" ਅਲਕਾ ਆਪਣਾ ਗਲਾਸ ਮੇਜ਼ ਤੇ ਰਖਦੀ ਬੋਲੀ ।

"ਟਾਈਮ ਬਹੁਤ ਹੈ ਹਾਲਾਂ — ਅੱਠ ਵਜੇ ਨੇ !"

"ਫਿਰ ਖਾਣ ਪੀਣ ਦਾ ਕੰਮ ਮੁਕਾ ਲਈਏ, ਜੇ 'ਪਲਾਜ਼ਾ' ਜਾਣਾ ਹੈ ਤਾਂ ?"

"ਹੋ ਜਾਏਗਾ !" ਸਰਦਾਰ ਜੀ ਨਸ਼ੇ ਵਿਚ ਲੜ ਖੜਾਏ ਤੇ ਕੁਰਸੀ ਤੋਂ ਉੱਠ ਕੇ ਆਕੜਾਂ ਭੰਨਣ ਲਗ ਪਏ ।

ਵੇਖ ਕੇ, ਅਲਕਾ ਮੁਸਕ੍ਰਾ ਪਈ ਤੇ ਲੜਖੜਾਂਦੀ ਉੱਠ ਕੇ ਅੰਦਰ ਚਲੀ ਗਈ ਤੇ ਆਕੜਾਂ ਭੰਨਦੇ, ਪਿੱਛੇ ਪਿੱਛੇ ਸਰਦਾਰ ਜੀ ਵੀ !...

ਗੇਟ 'ਤੇ ਕਾਰ ਦਾ ਹਾਰਨ ਵੱਜਾ।

ਮੱਥੇ ਤੋਂ ਤਰੇਲੀਆਂ ਪੂੰਝਦੀ ਝਟ ਅਲਕਾ ਪਲੰਘ ਤੋਂ ਉੱਠੀ ਤੇ ਬਾਥਰੂਮ ਵਿਚ ਚਲੀ ਗਈ। ਇਧਰ ਸਰਦਾਰ ਜੀ ਡਰਾਇੰਗ ਰੂਮ ਵਿਚ 'ਇਲਸਟ੍ਰੇਟਿਡ ਵੀਕਲੀ' ਦੇ ਪੰਨੇ ਪਰਤਣ ਲਗ ਪਏ ਸਨ। ਉਹਨਾਂ ਦੇ ਮੂੰਹ ਅੰਦਰ ਕੋਈ ਚੀਜ਼ ਘੁੱਲ ਰਹੀ ਸੀ ਤੇ ਉਹ ਜੀਭ ਮਾਰ ਰਹੇ ਸਨ — ਸ਼ਾਇਦ ਕੋਈ ਟੇਬਲੇਟ ਸੀ।

"ਬੀਬੀ ਜੀ ਕਹਾਂ ਹੈਂ ?" ਮਿਸਟਰ ਤੇ ਮਿਸਿਜ਼ ਵਰਮਾ ਕੋਠੀ ਅੰਦਰ ਆਉਂਦੇ ਬੋਲੇ।

ਬਿਰਜੂ ਨੇ ਡਰਾਇੰਗ ਰੂਮ ਵਲ ਅੱਖਾਂ ਘੁਮਾਈਆਂ।

ਮਿਸਟਰ ਤੇ ਮਿਸਿਜ਼ ਵਰਮਾ 'ਪੋਰਚ' ਵਿਚ ਪਹੁੰਚ ਕੇ ਖਲੋ ਗਏ।

ਲਾਨ ਵਲੋਂ ਕਿਰਨ ਤੇ ਰਿਸ਼ਮਾਂ ਦੌੜਦੇ ਆਏ ਤੇ ਮਿਸਟਰ ਵਰਮਾ ਦੇ ਲੱਤਾਂ ਨਾਲ ਚੰਬੜ ਗਏ — "ਅੰਕਲ ਤੁਸੀਂ ਬੇਬੀ ਨੂੰ ਨਹੀਂ ਲਿਆਏ ?"

"ਬੇਬੀ ਸੁੱਤੀ ਹੋਈ ਸੀ !"

"ਝੂਠ ਬੋਲਦੇ ਹੋ, ਜਦੋਂ ਆਉਂਦੇ ਹੋ, ਆਖਦੇ ਹੋ ਸੁੱਤੀ ਹੋਈ ਸੀ !"

"ਬਿਲਕੁਲ ਝੂਠ ਬੋਲਦੇ ਨੇ ਤੇਰੇ ਅੰਕਲ ਰਿਸ਼ਮਾਂ ?" ਅਲਕਾ, ਗੋਰੇ ਨਛੋਹ ਪੈਰਾਂ ਵਿਚ ਸਾੜੀ ਘਸੀਟਦੀ, 'ਪੋਰਚ' ਵਲ ਆਉਂਦੀ ਬੋਲੀ।

"ਕੀ ਹਾਲ ਨੇ ?" ਮਿਸਿਜ਼ ਵਰਮਾ ਬੋਲੀ।

"ਵਧੀਆ, ਤੇ ਤੁਹਾਡੇ ?"

"ਠੀਕ ਹੈ, ਇਹ ਪਰਸੋਂ ਵਾਪਸ ਲੰਡਨ ਜਾ ਰਹੇ ਨੇ, ਕਹਿੰਦੇ ਸਨ — ਤੁਸਾਂ ਕੁਝ ਚੀਜ਼ਾਂ ਭੇਜਣੀਆਂ ਸਨ ਮਿਸਟਰ ਓਬੇਰਾਏ ਨੂੰ ?"

"ਅੰਦਰ ਤੇ ਆਓ......।" ਤੇ ਅਲਕਾ, ਮਿਸਟਰ ਵਰਮਾ ਤੇ ਮਿਸਿਜ਼ ਵਰਮਾ ਨੂੰ ਪਿੱਛੋਂ ਜਿਉਂ ਕਲਾਵੇ ਵਿਚ ਲੈ ਕੇ ਡਰਾਇੰਗ ਰੂਮ ਵਿਚ ਪਹੁੰਚ ਗਈ।

ਸਰਦਾਰ ਜੀ ਵੀਕਲੀ ਇਕ ਪਾਸੇ ਰਖਦੇ, ਆਪਣੀਆਂ ਗੱਲਾਂ ਪਲੋਸਦੇ, ਰਤਾ ਸੋਫੇ 'ਤੇ ਸੰਭਲੇ ਹੀ ਸਨ ਕਿ ਅਲਕਾ ਬੋਲ ਪਈ, "ਇਹ ਆਪਣੇ ਸਰਦਾਰ ਜੀ ਨੇ — ਦਿਲਾਵਰ ਸਿੰਘ ਜੀ, ਸਾਡੇ ਪੁਰਾਣੇ ਫਰੈਂਡ ! ਇਹ ਤੇ ਮਿਸਟਰ ਓਬੇਰਾਏ ਕਦੇ ਇਕੱਠੇ ਲਾਹੌਰ ਪੜ੍ਹਦੇ ਹੁੰਦੇ ਸਨ ?"

"ਆਈ ਸੀ ।" ਮਿਸਟਰ ਵਰਮਾ ਬੋਲੇ। "ਪਰ ਉਦੋਂ ਤੁਸੀਂ ਤਾਂ ਦੁਨੀਆਂ ਦੀ ਭੀੜ ਵਿਚ ਕਿਤੇ ਗੁਆਚੇ ਹੀ ਹੋਏ ਸਾਓ ?"

"ਪਰ ਮਿਸਟਰ ਓਬੇਰਾਏ ਨੇ ਤਾਂ ਇਹਨਾਂ ਨੂੰ ਢੂੰਡ ਕੱਢਿਆ ਸੀ ਨਾ ?"

ਤੇ ਸਾਰੇ ਖਿੜ ਖਿੜ ਕਰਦੇ ਹੱਸ ਪਏ।

"ਸਰਦਾਰ ਸਾਹਿਬ, ਅੱਜ ਕਲ੍ਹ ਕੀ ਬਿਜ਼ਨਸ ਕਰਦੇ ਨੇ ?"

"ਬਿਜ਼ਨਸ ਕੀ ਹੈ — ਬਿਲਡਿੰਗ ਕਾਨਟ੍ਰੈਕਟਸ — ਦਿੱਲੀ, ਯੂ. ਪੀ.। ਸਾਡੇ ਓਬੇਰਾਏ ਸਾਹਿਬ ਤੇ ਜਿਉਂ ਲੰਡਨ ਗਏ, ਬਸ ਉੱਥੇ ਦੇ ਹੀ ਹੋ ਗਏ।"

"ਰੋਜ਼ੀ ਰੋਟੀ ਦੀ ਗੱਲ ਹੈ, ਸਰਦਾਰ ਸਾਹਿਬ, ਮੈਂ ਆਪ ਕਿੰਨੇ ਚਿਰ ਤੋਂ ਉਧਰ ਹੀ ਹਾਂ।"

ਸਭ ਸੋਫ਼ਿਆਂ 'ਤੇ ਬੈਠ ਗਏ। ਗੱਲਾਂ ਬਾਤਾਂ ਇਧਰ ਉਧਰ ਦੀਆਂ ਹੁੰਦੀਆਂ ਗਈਆਂ, ਪਰ ਸ: ਜੀ ਘੜੀ ਮੁੜੀ ਘੜੀ ਵੇਖਣ ਲਗ ਪੈਂਦੇ।

"ਪੈਕਟਸ ਤਿਆਰ ਨੇ ਨਾ ਫਿਰ ?"

"ਤਿਆਰ ਹੀ ਨੇ, ਕੋਈ ਖ਼ਾਸ ਚੀਜ਼ਾਂ ਨਹੀਂ — ਦਾਲਾਂ ਨੇ, ਪਾਪੜ ਨੇ — ਪਰਸੋਂ ਫ਼ਲਾਈ ਕਰ ਰਹੇ ਹੋ ਨਾ ?"

"ਹਾਂ ਜੀ, ਪਾਪੜ ਹੀ ਨੇ ਨਿਰੇ ਕਿ ਅੰਬ ਪਾਪੜ ਵੀ ? ਮਿਸਿਜ਼ ਵਰਮਾ ਅੱਖ ਦੱਬਦੀ ਬੋਲੀ।

"ਅੰਬ ਪਾਪੜ ਲੰਡਨ ਬਥੇਰੇ !" ਅਲਕਾ, ਮਿਸਿਜ਼ ਵਰਮਾ ਦੀਆਂ ਅੱਖਾਂ ਵਿਚ ਆਪਣੀਆਂ ਅੱਖਾਂ ਡੋਬਦੀ ਬੋਲੀ।

ਸਰਦਾਰ ਜੀ ਨੇ ਫਿਰ ਆਪਣੀ ਘੜੀ 'ਤੇ ਝਾਤ ਮਾਰੀ।

"ਅੱਛਾ ਫਿਰ, ਐਨੀ ਅਦਰ ਮੈਸਿਜ਼ ਫ਼ਾਰ ਮਿਸਟਰ ਓਬੇਰਾਏ ?"

"ਕਲ੍ਹ ਪੈਕਟਸ ਦੇਣ ਜੁ ਆਵਾਂਗੀ ?"

"ਓ. ਕੇ. ਦੈੱਨ !"

"ਥੈਂਕ ਯੂ।"


ਕੈਨੇਡਾ ਦੇ ਅਗਾਂਹਵਧੂ ਕਾਵਿ-ਜਗਤ ਵਿੱਚ
ਪ੍ਰਭਾਵਸ਼ਾਲੀ ਅਮਰ :
ਇਕਬਾਲ ਰਾਮੂਵਾਲੀਆ ਤੇ ਉਸਦਾ ਕਾਵਿ-ਸੰਗ੍ਰਹਿ

## ਸੁਲਘਦੇ ਅਹਿਸਾਸ

ਜਿਸ ਵਿੱਚ ਸਾਕੀ, ਮੈਅ, ਗੋਰ, ਗਰੀਬ, ਖ਼ਿਜ਼ਾਂ ਵਰਗੇ ਘਸੇ ਪਿੱਟੇ ਤੇ ਗੁਮਰਾਹਕੁਨ ਸ਼ਬਦਾਂ ਦੀ ਥਾਂ ਬੀਮਾਰ ਬਸਤੀਆਂ, ਬੇਰੁਜ਼ਗਾਰ ਗੱਭਰੂਆਂ, ਬਿਰਧਾਂ, ਸੀਮਾਂ ਉਤੇ ਬਲੀ ਚੜ੍ਹਦੇ ਜੁਆਨਾਂ ਤੇ ਸਰਕੜਿਆਂ ਵਿੱਚ ਡੂੰਘਾ ਡੂੰਘਾ ਉਤਰਦੇ ਇਨਕਲਾਬੀ ਸ਼ਹੀਦਾਂ ਦੇ ਵਾਰਸ ਤੱਕ ਦੇ ਸੁਲਘਦੇ ਅਹਿਸਾਸ ਸ਼ਾਮਲ ਹਨ।

## ਵਿਸ਼ਵ ਦੀ ਨੁਹਾਰ

(ਅਜਮੇਰ ਸਿੰਘ ਰੰਡੇ)

ਮਹਾਨ ਵਿਗਿਆਨੀ ਅਲਬਰਟ ਆਈਨਸਟਾਈਨ ਦੇ ਆਪੇਖਿਕਤਾ-ਸਿਧਾਂਤ ( THEORY OF RELATIVITY) ਦੀ ਵਿਆਖਿਆ ਕਰਨ ਦਾ, ਪੰਜਾਬੀ-ਸਾਹਿੱਤ ਵਿੱਚ ਇਕਲੌਤਾ ਹੋਣਹਾਰ ਜਤਨ।

## ਸੂਰਜਾਂ ਦੇ ਹਮਸਫ਼ਰ

(ਸੁਰਿੰਦਰ ਧੰਜਲ)

ਜ਼ਾਲਮ-ਹਨੇਰਿਆਂ ਵਿਰੁਧ ਜੂਝਦੇ ਲਹੂ-ਲੁਹਾਣ ਹੋਏ ਮਨੁੱਖਾਂ ਦੀ ਕਾਵਿ-ਕਥਾ, ਜਿਹੜੇ ਸੂਰਜਾਂ ਦੇ ਹਮਸਫ਼ਰ ਬਣਨ ਲਈ ਆਪਣਾ ਸੰਘਰਸ਼ ਜਾਰੀ ਰੱਖਦੇ ਹਨ। ਰੂਪਕਾਰ: ਜਗਦੀਪ

## ਅੰਨ੍ਹੀ ਗਲੀ

(ਗੁਰਚਰਨ ਰਾਮਪੁਰੀ ਦਾ ਚੌਥਾ ਕਾਵਿ-ਸੰਗ੍ਰਹਿ)

"ਉਹ ਸਾਰੇ ਵਿਸ਼ਵ ਨੂੰ ਬੇਖ਼ਾਰ-ਚਮਨ ਵੇਖਣਾ ਚਾਹੁੰਦਾ ਹੈ। ਇਕ ਫੁੱਲ ਦੀ ਮੌਤ ਵੀ ਉਸਨੂੰ ਤੜਪਾ ਦੇਂਦੀ ਹੈ। ਗੁਰਚਰਨ ਦੀ ਕਵਿਤਾ ਵਿਚ ਲਚਕ ਵੀ ਹੈ ਤੇ ਪਾਰੇ ਵਰਗੀ ਚੰਚਲਤਾ ਵੀ। ਸੋਚ ਸ਼ਬਦਾਂ ਤੇ ਅਰਥਾਂ ਦਾ ਸੁਮੇਲ ਵੀ।"
— ਸੁਰਜੀਤ ਰਾਮਪੁਰੀ

## ਮੱਠੇ ਮੌਸਮ ਦੀ ਵਾਰੀ

(ਰਵਿੰਦਰ ਰਵੀ ਦਾ ਸੱਤਵਾਂ ਕਾਵਿ-ਸੰਗ੍ਰਹਿ)

"ਉਸ ਦਾ ਯਥਾਰਥਵਾਦ ਕਾਵਿਕ ਅਤੇ ਆਤਮਵਾਦੀ ਹੈ, ਪਰ ਉਹ ਕਾਲ, ਦੇਸ਼ ਅਤੇ ਵਿੱਥ ਦੀਆਂ ਹੱਦਾਂ ਵੀ ਟੱਪ ਜਾਂਦਾ ਹੈ ਅਤੇ ਇਕ ਬ੍ਰਹਿਮੰਡੀ ਚੇਤਨਾ ਗ੍ਰਹਿਣ ਕਰ ਲੈਂਦਾ ਹੈ।"
— ਈਸ਼ਰ ਸਿੰਘ ਅਟਾਰੀ

ਅਲਕਾ ਤੇ ਸਰਦਾਰ ਜੀ ਵਰਮਾ ਦੰਪਤੀ ਨੂੰ ਗੇਟ ਤੀਕ ਵਿਦਾ ਕਰਨ ਆਏ, ਤੇ ਉਹਨਾਂ ਦੇ ਕਾਰ ਸਟਾਰਟ ਕਰਦਿਆਂ ਹੀ, ਆਪਣੇ ਹੱਥ ਹਿਲਾਂਦੇ, ਡਰਾਇੰਗ ਰੂਮ ਵਿਚ ਪਰਤ ਆਏ।

ਸਰਦਾਰ ਜੀ ਸਿੱਧੇ ਕਿਚਨ ਵਿਚ ਗਏ, ਤੇ ਇਕ ਪਲੇਟ ਵਿਚ ਚਾਰ ਅੰਡੇ ਤੋੜ ਕੇ, ਛੁਰੀ ਨਾਲ ਫੈਂਟਣ ਲਗ ਪਏ। ਫਿਰ ਪਿਆਜ਼, ਤੇ ਹਰੀਆਂ ਮਿਰਚਾਂ ਕੁਤਰ ਕੇ ਗੈੱਸ ਬਾਲ ਲਈ ਤੇ ਅਲਕਾ ਨੂੰ ਆਪਣੇ ਵਲ ਆਉਂਦਿਆਂ ਵੇਖ ਕੇ, ਖਿੜਦੇ ਬੋਲੇ, "ਨੋ ਟਾਇਮ ਟੂ ਵੇਸਟ ਪਲੀਜ਼, ਹਰੀਅੱਪ, ਗੈੱਟ ਰੈਡੀ!"

ਅਲਕਾ ਦੇ ਪੈਰ ਮੁਹਾਠਾਂ ਤੋਂ ਹੀ ਪਰਤ ਪਏ। ਉਹ ਪੰਜਾਂ ਮਿੰਟਾਂ ਵਿਚ ਤਿਆਰ ਹੋ ਕੇ ਟਹਿਕਣ ਲਗ ਪਈ। ਫਰਿਜ ਵਿਚੋਂ ਜਾਨੀ ਵਾਕਰ ਦੀ ਬੋਤਲ, ਬਰਫ਼ ਦੀ ਟਰੇ, ਤੇ ਸੋਡੇ ਦੀਆਂ ਬੋਤਲਾਂ, ਦੋ ਬਲੌਰੀ ਗਲਾਸ, ਕੱਢ ਕੇ, ਮੇਜ਼ ਸਜਾ ਕੇ ਉਹ ਬੈਠ ਗਈ।

ਸਰਦਾਰ ਜੀ ਨੇ ਝੱਟ ਪਟ ਮੱਖਣ ਵਿਚ ਆਮਲੇਟ ਤਿਆਰ ਕੀਤਾ, ਤੇ ਮੱਖਣ ਨਾਲ ਚਾਰ ਪੀਸ ਡੱਬਲ ਰੋਟੀ ਦੇ ਸਜਾ ਕੇ, ਉੱਪਰ ਆਮਲੇਟ ਪਾ ਦਿਤਾ ਤੇ ਕਾਂਟੇ ਛੁਰੀਆਂ ਚੁਕੀ ਮੇਜ਼ ਵਲ ਵਧ ਆਏ।

ਅਲਕਾ ਨੇ ਜਾਨੀ ਵਾਕਰ ਦਾ ਢੱਕਣ ਖੋਲ੍ਹਿਆ ਤੇ ਦੋ ਦੋ ਪੈੱਗ ਦੇ ਲਗ ਪਗ, ਦੁਹਾਂ ਗਲਾਸਾਂ ਵਿਚ ਪਾ ਦਿਤਾ ਤੇ ਬਰਫ਼ ਦੀਆਂ ਡਲੀਆਂ ਵਿਚ ਸਿਟ ਦਿਤੀਆਂ। ਜਦੋਂ ਉਹ ਸੋਡੇ ਦੀ ਬੋਤਲ ਖੋਲ੍ਹਣ ਲਗੀ ਤਾਂ ਸਰਦਾਰ ਜੀ ਨੇ ਜਿਉਂ ਉਸ ਦਾ ਹੱਥ ਫੜ ਲਿਆ, "ਵੇਟ! ਵੇਟ!" ਤੇ ਉਹ ਫਰਿਜ ਵਲ ਵਧ ਗਏ।

ਫਰਿਜ ਵਿਚੋਂ ਉਹਨਾਂ ਦੋ ਬੋਤਲਾਂ ਗੋਲਡਨ ਈਗਲ ਦੀਆਂ ਚੁੱਕੀਆਂ ਤੇ ਵਿਸਕੀ ਨਾਲ ਚਮਕਦੇ ਗਲਾਸਾਂ ਵਿਚ ਖੋਲ੍ਹ ਦਿਤੀਆਂ। ਗਲਾਸਾਂ ਵਿਚ ਜਿਉਂ ਹੜ੍ਹ ਆ ਗਿਆ ਤੇ ਸੂੰ ਸੂੰ ਕਰਦੀ ਝੱਗ ਉੱਤੋਂ ਦੀ ਡੁਲ੍ਹਣ ਲਗ ਪਈ। ਉਹਨਾਂ ਘੜੀ ਵਲ ਨਿਗਾਹ ਦੁੜਾਈ ਤੇ ਗਲਾਸ ਚੁੱਕ ਲਿਆ।

ਅਲਕਾ ਨੇ ਆਪਣਾ ਗਲਾਸ ਸੰਭਾਲਿਆ। ਦੁਹਾਂ ਦੇ ਗਲਾਸ, ਇਕ ਦੂਜੇ ਦੇ ਗਲੇ ਮਿਲੇ, ਤੇ ਸਰਦਾਰ ਜੀ ਨੇ ਕੁਰਸੀ 'ਤੇ ਬੈਠੇ ਬੈਠੇ ਹੀ, ਆਪਣੇ ਹੋਠ ਅਗੇਰੇ ਕਰ ਦਿਤੇ, ਜੋ ਅਲਕਾ ਨੇ ਆਪਣੇ ਹੋਠਾਂ ਵਿਚ ਸਮੋ ਲਏ। ਕਿਰਨ ਤੇ ਰਿਸ਼ਮਾਂ ਬਾਹਰੋਂ ਆਉਂਦੀਆਂ ਵੇਖ ਕੇ, ਖਿੜ ਖਿੜ ਕਰਦੀਆਂ, ਹੱਸ ਪਈਆਂ।

"ਨਾਟੀ ਗਰਲਜ਼!" ਸਰਦਾਰ ਜੀ ਸੰਭਲਦੇ ਬੋਲੇ।

ਸਰਦਾਰ ਜੀ ਤੇ ਅਲਕਾ ਦੇ ਪੈਰ, ਮੇਜ਼ ਹੇਠਾਂ, ਇਕ ਦੂਜੇ ਨੂੰ ਜਿਉਂ ਚੁੰਮਣਾਂ ਦੇ ਰਹੇ ਸਨ।

ਪਲੇਟ ਵਿਚ ਆਮਲੇਟ ਮੁਕਦੀ ਜਾ ਰਹੀ ਸੀ। ਕਾਂਟੇ ਛੁਰੀਆਂ, ਕੰਢੇ ਨਾਲ, ਚੱਪੂਆਂ ਵਾਂਗ, ਜੁੜੇ ਪਏ ਸਨ। ਗਲਾਸਾਂ ਦੇ ਥੱਲਿਆਂ ਨਾਲ ਇਕ ਸੁਨਹਿਰੀ ਲੀਕ ਲਿਸ਼ਕ ਰਹੀ ਸੀ।

ਸਰਦਾਰ ਜੀ ਨੇ ਫਿਰ ਘੜੀ ਵੇਖੀ ਤੇ ਬੋਲ ਪਏ, "ਛੱਡੋ ਪਰੇ, ਕੀ ਵੇਖਣੀ ਏ 'ਬਲੋ ਕੋਲਡ ਐਂਡ ਬਲੋ ਹਾਟ'।" ਨਾਲ ਹੀ, ਆਪਣੇ ਪੈਰਾਂ ਨਾਲ ਉਹਨਾਂ ਅਲਕਾ ਦੇ ਪੈਰ ਦਬ ਦਿਤੇ।

'ਉਹੋਂ, ਉਹੋਂ, ਆਈ ਮੱਸਟ!" ਅਲਕਾ, ਸਰਦਾਰ ਜੀ ਦੇ ਪੈਰਾਂ ਹੇਠੋਂ ਆਪਣੇ ਪੈਰ ਕਢਦੀ ਬੋਲੀ। ਤੇ ਕੁਰਸੀ ਤੋਂ ਉਠਦੀ ਤੇ ਸਾੜ੍ਹੀ ਦੇ ਵਲ ਝਾੜਦੀ, ਉਹ ਮਸਾਂ ਢਹਿੰਦੀ ਢਹਿੰਦੀ ਬਚੀ।

"ਜ਼ਰੂਰੀ ਹੈ ਵੇਖਣੀ?"

"ਯੈੱਸ ਮੈਨ, ਗੈੱਟ ਅੱਪ!

ਸਰਦਾਰ ਜੀ ਝਟ ਪਟ ਲੜ ਖੜਾਂਦੇ ਉਠੇ, ਤੇ ਮੇਜ਼ 'ਤੇ ਪਈਆਂ ਬੋਤਲਾਂ, ਗਲਾਸ ਛੁਰੀ ਕਾਂਟੇ ਸਾਂਭਣ ਲਗ ਪਏ।

"ਲੀਵ ਇਟ, ਲੀਵ ਇਟ!" ਅਲਕਾ ਆਖਦੀ ਰਹੀ।

"ਦੀਜ਼ ਆਰ ਰੇਅਰ ਪੀਸਿਜ਼!"

"ਬਿਰਜੂ, ਹਮ ਜਾ ਰਹੇ ਹੈਂ।" ਅਲਕਾ ਤੇ ਸਰਦਾਰ ਜੀ ਬਾਹਿਰ ਜਾਂਦੇ ਬੋਲੇ। ਕਿਰਨ ਤੇ ਰਿਸ਼ਮਾਂ ਕਾਰ ਵਿਚ ਬਹਿੰਦਿਆਂ, ਉਹਨਾਂ ਨੂੰ ਤੱਕਦੀਆਂ ਰਹੀਆਂ ਤੇ ਕਾਰ ਸਟਾਰਟ ਹੋ ਗਈ!

... ... ... ... ...

ਰਾਜੌਰੀ ਗਾਰਡਨ! ਤ੍ਰਿਕਾਲਾਂ ਢੱਲ ਆਈਆਂ ਸਨ!

ਕੈਨੇਡਾ ਦੇ ਲੇਖਕਾਂ ਦੀਆਂ ਛਪ ਰਹੀਆਂ ਰਚਨਾਵਾਂ

'ਲਹਿਰ ਵਧਦੀ ਗਈ' 'ਜੰਗੀ ਕੈਦੀ' ਤੇ ਸ਼ਹੀਦ ਊਧਮ ਸਿੰਘ ਤੋਂ ਬਾਅਦ ਕੇਸਰ ਸਿੰਘ ਨਾਵਲਿਸਟ ਦੀ ਚੌਥੀ ਦੇਣ:

ਬਾਬਾ ਉਸਮਾਨ

'ਦੁਬਿਧਾ' ਤੋਂ ਬਾਅਦ ਗੁਰੂਮੇਲ ਦਾ ਦੂਜਾ ਕਾਵਿ-ਸੰਗ੍ਰਹਿ:

ਬੇਚੈਨ ਸਦੀ

ਪ੍ਰਗਤੀਸ਼ੀਲ ਲਹਿਰ ਦੀ ਪਹਿਲੀ ਕਤਾਰ ਦੇ ਕਵੀ ਗੋਵਿੰਦਰ ਰਵੀ ਦੀਆਂ ਦੋ ਪੁਸਤਕਾਂ:

ਜਲ ਭਰਮ-ਜਲ
(ਅੱਠਵਾਂ ਕਾਵਿ-ਸੰਗ੍ਰਹਿ)

ਘਟਦੇ ਵਧਦੇ ਫ਼ਾਸਲੇ
(ਛੇਵਾਂ ਕਹਾਣੀ-ਸੰਗ੍ਰਹਿ)

ਦਰਸ਼ਨ ਗਿੱਲ ਦੇ ਤਿੰਨ ਕਾਵਿ-ਸੰਗ੍ਰਹਿ:

ਰੂਪ ਅਰੂਪ ਕਵੀ ਦਾ ਆਪਣੀ ਸੁਆਣੀ ਪਤਨੀ ਲਈ ਸਿਰਜਿਆ ਤਾਜ-ਮਹੱਲ
(ਰੂਪਕਾਰ: ਇਮਰੋਜ਼)

ਜੰਗਲ ਦੀ ਅੱਗ ਅਤੇ ਪ੍ਰਤੀਬਿੰਬ

'ਕਵਿਤਾ ਰੰਗ ਵਟਾਵੇ', 'ਅੰਮ੍ਰਿਤ ਬੂੰਦਾਂ' 'ਚਾਨਣ ਕਣੀਆਂ' ਤੋਂ ਪਿਛੋਂ ਕਸ਼ਮੀਰਾ ਸਿੰਘ 'ਚਮਨ' ਦੀ ਨਵੀਂ ਕਾਵਿ-ਪੁਸਤਕ:

ਜੀਵਨ ਕਣਾਂ

ਗਿੱਲ ਮੋਰਾਂਵਾਲੀ ਦੀ ਸੱਤਵੀਂ ਕਾਵਿ-ਪੁਸਤਕ:

ਸੁੱਕਾ ਅੰਬਰ ਪੰਜਰ ਧਰਤੀ

ਕੈਨੇਡਾ ਦੇ ਲੇਖਕਾਂ ਦੀਆਂ ਕੁਝ ਹੋਰ ਪੁਸਤਕਾਂ:

ਸ਼ਿੰਗਲ ਦੇ ਫੁੱਲ (ਨਵਤੇਜ ਭਾਰਤੀ)
ਸੱਜਰੇ ਸੁਫ਼ਨੇ (ਗੁਰਦਿਆਲ ਸਿੰਘ ਕੰਵਲ)
ਅਸ਼ੋਕ (ਨਾਟਕ): ਤ੍ਰਿਲੋਚਨ ਸਿੰਘ ਗਿੱਲ
ਅੱਧਾ ਸੱਚ (ਸਫ਼ਰਨਾਮਾ): ਤ੍ਰਿਲੋਚਨ ਸਿੰਘ ਗਿੱਲ
ਬੀਮਾਰ ਸਦੀ (ਕਾਵਿ-ਨਾਟਕ): ਗੋਵਿੰਦਰ ਰਵੀ
ਮੈਲੀ ਪੁਸਤਕ (ਕਹਾਣੀ-ਸੰਗ੍ਰਹਿ): ਗੋਵਿੰਦਰ ਰਵੀ
ਕਿਰਨਾਂ ਦਾ ਆਲ੍ਹਣਾ: ਗੁਰਚਰਨ ਰਾਮਪੁਰੀ
ਗੀਤ-ਮਈ (ਗਿੱਲ ਮੋਰਾਂਵਾਲੀ)

ਇਕ ਮਜ਼ਦੂਰ ਦੇ ਸਿਰ 'ਤੇ ਇਕ ਟੋਕਰਾ, ਰੰਗ-ਬਰੰਗੇ, ਡੱਬਿਆਂ ਤੇ ਖ਼ਾਲੀ ਲਫ਼ਾਫ਼ਿਆਂ ਨਾਲ ਭਰਿਆ ਪਿਆ ਹੈ। ਖਾਣ ਪੀਣ ਦਾ ਸਾਮਾਨ ਹੈ। ਚਾਹ, ਚੀਨੀ, ਹਮਾਮ, ਸਿੰਥਿਲ, ਕਾਲਗੇਟ, ਫ਼ਾਰਨ, ਵਿਮ, ਮਾਂਹ, ਛੋਲੇ, ਮੂੰਗੀ ! ਉਹ ਭਾਰ ਥੱਲੇ ਦਬਿਆ. ਟੁਰੀ ਜਾ ਰਿਹਾ ਹੈ। ਉਸਦੇ ਮਗਰ ਮਗਰ, ਇਕ ਹੋਰ ਹੈ, ਜਿਸ ਪਿੱਠ 'ਤੇ ਆਟੇ ਵਾਲੀ ਬੋਰੀ ਚੁੱਕੀ ਹੈ। ਉਹਨਾਂ ਤੋਂ ਢੇਰ ਪਿੱਛੇ, ਸਰਦਾਰਨੀ ਜਸਬੀਰ ਕੌਰ, ਪਲਾਸਟਿਕ ਦੇ ਥੈਲੇ ਵਿਚ ਪਿਆਜ਼, ਪੂਦੀਨਾ, ਕੱਦੂ, ਕਰੇਲੇ ਤੇ ਟਮਾਟਰ ਪਾਈ, ਡਾਢੀ ਥੱਕੀ ਹਾਰੀ ਟੁਰੀ ਜਾ ਰਹੀ ਹੈ — ਉਸ ਨੂੰ ਜਿਉਂ ਸਾਹ ਚੜ੍ਹਿਆ ਹੋਇਆ ਹੈ ! ਉਹ ਆਪਣੀ ਗਲੀ ਵਿਚ ਪਹੁੰਚ ਚੁਕੀ ਹੈ। ਆਪਣੀਆਂ ਕੋਠੀਆਂ ਦੇ ਗੇਟਾਂ ਅੱਗੇ ਖਲੋਤੀਆਂ ਜ਼ਨਾਨੀਆਂ ਇਧਰ ਉਧਰ ਦੀਆਂ ਗੱਲਾਂ ਵਿਚ ਮਸਤ ਹਨ ! ਥੱਕੀ ਹਾਰੀ ਸਰਦਾਰਨੀ ਨੂੰ ਕੋਲੋਂ ਲੰਘਦਿਆਂ, ਉਹਨਾਂ ਵਿਚੋਂ ਇਕ ਆਵਾਜ਼ ਮਾਰ ਲੈਂਦੀ ਹੈ, "ਸਤਿਸ੍ਰੀਅਕਾਲ ਜੀ, ਬੜੇ ਚਿਰਕੇ ਜਿਹੇ ਬਾਜ਼ਾਰੋਂ ਆ ਰਹੇ ਹੋ ?"

"ਕੀ ਕਰੀਏ, ਸਭ ਕੁਝ ਮੁੱਕਾ ਪਿਆ ਸੀ, ਮੈਂ ਕਿਹਾ, ਲਿਆਉਣਾ ਤੇ ਆਪ ਹੀ ਹੈ, ਲੈ ਹੀ ਆਵਾਂ ਚਲ ਕੇ !"

ਜਦੋਂ ਜਸਬੀਰ ਕੌਰ ਉੱਥੋਂ ਅਗੇਰੇ ਲੰਘ ਗਈ, ਤਾਂ ਉਹ ਆਪੋ ਵਿਚ ਕਹਿਣ ਲਗ ਪਈਆਂ, "ਬੜੀ ਹਿੰਮਤ ਵ਼ਾਲੀ ਜ਼ਨਾਨੀ ਹੈ, ਚਾਰ ਪੰਜ ਬੱਚਿਆਂ ਨੂੰ ਸੰਭਾਲਣਾ, ਕਿਸੇ ਸਕੂਲ ਜਾਣਾ — ਕਿਸੇ ਕਾਲਜ ! ਕੋਈ ਬੀਮਾਰ ਹੈ, ਡਾਕਟਰਾਂ ਵਲ ਭੇਜਣਾ। ਕੋਈ ਸ਼ਾਦੀ ਵਿਆਹ ਮਰਨਾ ਪਰਨਾ ਹੈ, ਉੱਥੇ ਜਾਣਾ। ਦਿਨ ਨਹੀਂ ਚੜ੍ਹਦਾ ਤੇ ਦੁੱਧ ਵਾਲੀਆਂ ਬੋਤਲਾਂ ਚੁੱਕੀ, ਬੂਥ 'ਤੇ ਖਲੋਤੀ ਹੁੰਦੀ ਹੈ। ਆਪਣੇ ਸਰਦਾਰ ਜੀ ਨੇ, ਮਸਤ !"

ਸਰਦਾਰਨੀ ਜਸਬੀਰ ਕੌਰ ਆਪਣੀ ਕੋਠੀ ਦੇ ਗੇਟ ਕੋਲ ਪਹੁੰਚਣ ਹੀ ਵਾਲੀ ਸੀ ਕਿ ਪਿੱਛੋਂ ਹਾਰਨ ਵੱਜਾ, ਉਹ ਇਕ ਪਾਸੇ ਹੋ ਗਈ ਤੇ ਕਾਰ ਸਿੱਧੀ ਗੈਰਜ ਦੇ ਬੂਹੇ ਅੱਗੇ ਜਾ ਖਲੋਤੀ।

ਮਜ਼ਦੂਰ, ਸਾਰਾ ਸਾਮਾਨ ਅੰਦਰ ਰਖ ਕੇ ਵਿਦਾ ਹੋ ਗਏ।

ਸਰਦਾਰਨੀ ਜਸਬੀਰ ਕੌਰ ਗੁਸਲਖ਼ਾਨੇ ਵਿਚ ਗਈ — ਮੂੰਹ 'ਤੇ ਪਾਣੀ ਦੇ ਛਿੱਟੇ ਮਾਰੇ, ਪੈਰਾਂ 'ਤੇ ਚੂਲ਼ੀ ਭਰ ਭਰ ਸਿੱਟੇ ਤੇ ਦੁਪੱਟੇ ਨਾਲ ਮੂੰਹ ਪੂੰਝਦੀ, ਬਾਹਿਰ ਬਰਾਂਡੇ ਵਿਚ, ਪੈਰਾਂ ਤੋਂ ਸਲਵਾਰ ਉੱਪਰ ਖਿੱਚਦੀ, ਇਕ ਮੰਜੇ 'ਤੇ ਜਾ ਬੈਠੀ।

ਸਰਦਾਰ ਦਿਲਾਵਰ ਸਿੰਘ ਕਾਰ ਵਿਚੋਂ ਲੈਜਰਜ਼ ਤੇ ਫ਼ਾਈਲਾਂ ਚੁੱਕੀ, ਜਸਬੀਰ ਕੌਰ ਕੋਲੋਂ ਲੰਘ ਗਏ ਤੇ ਉਹ ਪਾਟੀਆਂ ਪਾਟੀਆਂ ਅੱਖਾਂ ਨਾਲ ਵੇਖਦੀ ਰਹਿ ਗਈ ! ਸਰਦਾਰ ਜੀ ਝਟ ਕੁ ਮਗਰੋਂ ਬਾਹਿਰ ਆਏ ਤੇ ਸਰਦਾਰਨੀ ਦੇ ਸਾਹਮਣੇ ਪਈ ਕੁਰਸੀ 'ਤੇ ਬਹਿ ਗਏ, ਜੋ ਉਸ ਵੇਲੇ ਕੱਦੂ ਛਿਲਣ ਲਗੀ ਹੋਈ ਸੀ।

"ਪਾਣੀ ਲਿਆਵਾਂ ?" ਉਹ ਬੋਲੀ

"ਨਹੀਂ, ਤਰੇਹ ਤਰ੍ਹਹ ਕੋਈ ਨਹੀਂ, ਝੱਟ ਨੂੰ ਚਾਹ ਪੀਆਂਗਾ, ਕਿਧਰ ਗਏ ਬੱਚੇ ?"

'ਤਾਰੀ ਤੇ ਬਿੱਲਾ ਤੇ ਗਏ ਨੇ 'ਨਾਨਕ ਨਾਮ ਜਹਾਜ਼ ਹੈ' ਵੇਖਣ, ਕੁੜੀਆਂ ਇਧਰ ਕਿਧਰੇ ਹੀ ਹੋਣਗੀਆਂ ?"

"ਇਹਨਾਂ ਦੇ ਨਤੀਜੇ ਨਿਕਲ ਗਏ ?"

"ਹਾਲਾਂ ਨਹੀਂ।"

"ਪਾਸ ਹੋ ਜਾਣਗੇ ਨਾ ਸਾਰੇ ?"

"ਵੇਖੋ !"

"ਤਾਰੀ ਨੇ ਹਾਇਰ ਸੈਕੰਡਰੀ ਦਾ ਦਿਤਾ ਏ ਨਾ ?"

"ਹਾਂ !"

"ਪਾਸ ਹੋ ਜਾਣ ਸਹੀ, ਟੀਊਸ਼ਨ ਲੁਆ ਦਿਤੀ ਸਾ ਜੇ ਕਿ ਨਹੀਂ ?"

ਸਰਦਾਰਨੀ ਜਸਬੀਰ ਕੌਰ, ਪਲੇਟ ਵਿਚ ਕੱਦੂ ਤੇ ਕਟੇ ਹੋਏ ਪਿਆਜ਼ ਚੁੱਕੀ, ਰਸੋਈ ਵਲ ਚਲੀ ਗਈ।

ਝੱਟ ਕੁ ਮਗਰੋਂ ਮੀਤੀ, ਜੀਤੀ ਵੀ ਬਾਹਰੋਂ ਖੇਡ ਕੇ ਆ ਗਈਆਂ ਤੇ ਸਰਦਾਰ ਦਿਲਾਵਰ ਸਿੰਘ ਕੋਲ ਖਲੋ ਕੇ ਕਹਿਣ ਲਗ ਪਈਆਂ, "ਡੈਡੀ, ਤੁਸੀਂ ਸਾਡੇ ਕਪੜੇ, ਬੂਟ ਨਹੀਂ ਲਿਆਏ ?"

"ਤੁਸਾਂ ਆਖੇ ਕਦੋਂ ਸਨ, ਨਾਲੇ ਬੂਟਾਂ ਦਾ ਮੇਰੇ ਕੋਲ ਨਾਪ ਕਿੱਥੇ ਸੀ ?"

"ਸਵੇਰੇ ਜਾਣ ਲਗੇ, ਅਸੀਂ ਕਾਗ਼ਜ਼ 'ਤੇ, ਆਪਣੇ ਪੈਰ ਨਹੀਂ ਸਨ ਛਾਪ ਕੇ ਦਿਤੇ ?" ਤੇ ਬੜੀ ਬੇਇਤਬਾਰੀ ਜਿਹੀ ਵਿਚ ਉਹ ਸਰਦਾਰ ਜੀ ਵਲ ਵੇਖਣ ਲਗ ਪਈਆਂ !

"ਮੀਤੀ, ਡੈਡੀ ਨੂੰ ਪੁੱਛ ਚਾਹ ਬਣਾਵਾਂ ?"

"ਨਹੀਂ, ਅੱਜ ਦਿਓ, ਰੋਟੀ ਹੀ ਖਾਵਾਂਗਾ !"

ਤੇ ਸਰਦਾਰ ਦਿਲਾਵਰ ਸਿੰਘ ਜੀ ਨੇ ਸਿਰ ਤੋਂ ਪਗੜੀ ਲਾਹ ਕੇ, ਜੀਤੀ ਦੇ ਹੱਥ ਵਿੱਚ ਇਉਂ ਫੜਾ ਦਿੱਤੀ ਜਿਉਂ ਮਠਿਆਈ ਵਾਲਾ ਤੱਥਾ ਦੇ ਰਹੇ ਹੋਣ ਤੇ ਆਪ ਬੂਟਾਂ ਦੇ ਤਸਮੇ ਖੋਲ੍ਹਣ ਲੱਗ ਪਏ।

---


## ਵਰ ਦੀ ਲੋੜ

ਕੈਨੇਡਾ ਵਿਚ ਸੈਟਲ, ਇਕੱਲੇ ਰਹਿ ਰਹੇ 43 ਸਾਲਾ ਹੋਣਹਾਰ ਪੰਜਾਬੀ ਜੱਟ (ਜਿਸਦੀ ਪਹਿਲੀ ਪਤਨੀ ਸਦੀਵੀ ਵਿਛੋੜਾ ਦੇ ਚੁਕੀ ਹੈ) ਲਈ ਜੀਵਨ ਸਾਥਣ ਦੀ ਲੋੜ ਹੈ। ਲੜਕੀ ਦੀ ਉਮਰ 28-33 ਸਾਲ ਦੇ ਵਿਚਕਾਰ ਹੋਵੇ। ਵਿਧਵਾ ਨੂੰ ਪਹਿਲ ਦਿੱਤੀ ਜਾਵੇਗੀ।

ਦਾਜ ਦਹੇਜ਼ ਦਾ ਕੋਈ ਲਾਲਚ ਨਹੀਂ। ਚਿੱਠੀ ਪੱਤਰ ਫੋਟੋ ਸਮੇਤ ਇਸ ਪਤੇ ਤੇ ਕੀਤਾ ਜਾਵੇ :

MR. GREWAL
P.O. BOX 454
WESTON, ONTARIO
M9N 3N1



ਰਚਨਾਵਾਂ ਤੇ ਸੁਝਾ ਭੇਜਣ ਦਾ ਪਤਾ :

**'ਵਤਨੋਂ ਦੂਰ'**

P. O. BOX 1041
Coquitlam, B. C. Canada

# CENTURY TRAVEL SERVICE



OFF: 874-9429
RES: 681-3668

204—3310 FRASER STREET
VANCOUVER, B.C., CANADA V5V 4C1

LOWEST FARES TO INDIA, PAKISTAN, FIJI, EUROPE, AND ALL OVER THE WORLD.
WE ALSO HELP IN GETTING PASSPORTS, VISAS AND IMMIGRATION PAPERS, ETC.

GURSHARAN SANDHU

ਸੈਂਚਰੀ ਟ੍ਰੈਵਲ ਸਰਵਿਸ
204-3310 ਫ੍ਰੇਜ਼ਰ ਸਟਰੀਟ, ਵੈਨਕੂਵਰ, ਬੀ.ਸੀ., ਕੈਨੇਡਾ
OFF: 874-9429 RES: 681-3668

## Buying, selling, or trading

- Homes new or old
- Commercial properties or sites
- Apartment blocks
- Farms, land, home, acreage or any other real estate need.

**For free consultation and professional real estate service.**

**Please contact without any obligation.**



ਅਜਾਇਬ ਜੰਡਾ

**AJAIB JANDA**

**SERVING YOU SINCE 1971**

**OFF. 321-6881**
**RES. 434-4860**
**434-2393**

**Top salesman in Cambie office and member of the Diamond Club.**

**BB BLOCK BROS. REALTY LTD.**

Chevron

# WHALLEY CHEVRON SERVICE

10663 KING GEORGE HIGHWAY, SURREY, B.C.

**PROP., AVTAR SINGH DEOL** **PHONE 581-3811** **RES. 588-4369**

ENGLISH, PUNJABI, HINDI SPOKEN

- ਕਾਰਾਂ ਦੀ ਤਸੱਲੀਬਖ਼ਸ਼ ਮੁਰੰਮਤ ਕੀਤੀ ਜਾਂਦੀ ਹੈ।
- ਕਾਰਾਂ ਦੇ ਹਰ ਤਰ੍ਹਾਂ ਦੇ ਪੁਰਜ਼ੇ ਮਿਲਦੇ ਹਨ।
- ਹਰ ਤਰ੍ਹਾਂ ਦੀ ਗੈਸ ਮਿਲ ਸਕਦੀ ਹੈ।
- ਕਾਰਾਂ ਦੀ ਸਟੀਮ- ਕਲੀਨਿੰਗ ਕੀਤੀ ਜਾਂਦੀ ਹੈ।
- ਪੰਜਾਬੀ, ਹਿੰਦੀ ਤੇ ਅੰਗ੍ਰੇਜ਼ੀ ਜ਼ਬਾਨਾਂ ਬੋਲੀਆਂ ਜਾਂਦੀਆਂ ਹਨ।

# ਵਾਲ਼ੀ ਸ਼ੈਵਰਨ ਸਰਵਿਸ ਸਟੇਸ਼ਨ

10663 ਕਿੰਗ ਜੌਰਜ ਹਾਈਵੇ, ਸਰੀ, ਬੀ.ਸੀ.

ਮਾਲਕ: ਅਵਤਾਰ ਸਿੰਘ ਦਿਓਲ ਟੈਲੀਫ਼ੋਨ: 581-3811 ਘਰ: 588-4369

# ਨੌਕਰੀ ਦੀ ਤਲਾਸ਼ ਵਿੱਚ

ਪ੍ਰਤਾਪ ਸਿੰਘ ਐਮ. ਏ.

ਮਹਾਨ ਵਿਗਿਆਨੀ ਨਿਊਟਨ ਨੇ ਲਿਖਿਆ ਹੈ ਕਿ "ਮੈਂ ਉਸ ਬੱਚੇ ਸਮਾਨ ਤਾਂ ਜੋ ਵਿਦਿਆ ਸਮੁੰਦਰ ਦੇ ਕੰਢੇ ਦੀ ਰੇਤ 'ਚੋਂ ਕੇਵਲ ਗੀਟੇ ਚੁਗ ਰਿਹਾ ਹੋਵੇ ਜਦ ਕਿ ਗਿਆਨ ਦਾ ਸਾਗਰ ਉਸ ਦੇ ਸਾਹਮਣੇ ਉਕਾ ਹੀ ਅਣ-ਖੋਲਿਆ ਤੇ ਅਛੋਹ ਪਿਆ ਹੋਵੇ ਪਰ ਅਸੀਂ ਚਾਰ ਅੱਖਰ ਪੜ੍ਹ, ਕਾਲਜ ਦੇ ਦਰਵਾਜ਼ੇ ਥੀਂ ਲੰਘ, ਆਪਣੇ ਆਪ ਨੂੰ ਵਿਦਵਾਨ ਸਮਝ ਬਹਿੰਦੇ ਹਾਂ। ਜਦ ਦੁਨੀਆਂ ਦੀ ਮੰਡੀ ਵਿਚ ਸਾਡਾ ਮੁਲ ਪੈਂਦਾ ਹੈ, ਤਦ ਪਤਾ ਲਗਦਾ ਹੈ ਕਿ ਕਿੰਨੇ ਵੀਹਾਂ ਦਾ ਸੌ ਹੁੰਦਾ ਹੈ। ਇਨ੍ਹਾਂ ਕਿਤਾਬੀ ਪੜ੍ਹਾਕੂਆਂ ਦਾ ਅਸਲ ਹਾਲ ਇੰਜ ਹੈ :

'ਪੜ੍ਹ ਲੀ ਗੁਲਿਸਤਾਂ ਬੋਸਤਾਂ ਮੁਤਲਬ ਨਾ ਪਾਇਆ ਸ਼ੇਖ ਕਾ
ਸਾਰੀ ਕਿਤਾਬੇਂ ਹਿਫਜ਼ ਕਰ ਹਾਫਜ਼ ਹੂਆ ਤੋ ਕਿਆ।'

ਸਾਡੀ ਵਿਦਿਆ ਅਸਲ ਵਿਚ ਬਾਬੂ ਪੈਦਾ ਕਰਨ ਦੀ ਇਕ ਮਸ਼ੀਨ ਹੈ। ਦੇਸ਼ ਸੁਤੰਤਰ ਹੋਣ ਤੋਂ ਪਿਛੋਂ ਇਸ ਵਿਚ ਕੋਈ ਵਿਸ਼ੇਸ਼ ਪਰੀਵਰਤਨ ਨਹੀਂ ਕੀਤਾ ਗਿਆ। ਵਧ ਰਹੀ ਬੇਰੋਜ਼ਗਾਰੀ ਨੂੰ ਵੇਖ ਕਈ ਵੇਰ ਕਾਲਜ ਵਿਚ ਦੀ ਲੰਘਿਆ ਹੋਇਆ ਵਿਦਿਆਰਥੀ ਆਪਣੀ ਹੋਂਦ ਨੂੰ ਸ਼ਕੀ ਸਮਝਣ ਲਗ ਪੈਂਦਾ ਹੈ।

ਮੈਂ ਇੰਗਲੈਂਡ ਤੇ ਹੋਰ ਪਛਮੀ ਯੂਰਪੀਨ ਮੁਲਕਾਂ ਵਿਚ ਵਿਚਰ ਕੇ ਵੇਖਿਆ ਹੈ ਕਿ ਉਥੇ ਕੁਝ ਕੁ ਬੁਧ ਜੀਵੀਆਂ ਤੋਂ ਬਿਨਾਂ ਵਿਦਿਆਰਥੀਆਂ ਵਿਚ ਉਚੀ ਵਿਦਿਆ ਪ੍ਰਾਪਤ ਕਰਨ ਦਾ ਰਿਵਾਜ਼ ਘਟ ਹੈ। ਉਨ੍ਹਾਂ ਨੂੰ ਨਾਂ ਤਾਂ ਬੀ. ਏ., ਐਮ. ਏ. ਦੀਆਂ ਡਿਗਰੀਆਂ ਹਾਸਲ ਕਰਨ ਦਾ ਸ਼ੌਕ ਹੈ ਅਤੇ ਨਾ ਹੀ ਉਹ ਇਹ ਲੇਬਲ ਆਪਣੇ ਨਾਵਾਂ ਨਾਲ ਵਰਤਦੇ ਹਨ। ਇਸ ਦੇ ਫਲਸਰੂਪ ਉਥੇ ਯੂਨੀਵਰਸਿਟੀਆਂ ਵਿਚ ਵਿਦਿਆਰਥੀਆਂ ਦੀ ਗਿਣਤੀ ਘਟ ਹੁੰਦੀ ਹੈ। ਇਸ ਦੇ ਉਲਟ ਭਾਰਤ ਵਿਚ ਹਰ ਐਰਾ ਗੈਰਾ, ਨਥੂ ਖੈਰਾ, ਦਸਵੀਂ ਦਾ ਠੱਪਾ ਲਵਾ, ਕਾਲਜਾਂ ਪੁਰ ਇੰਜ ਧਾਵਾ ਬੋਲ ਦੇਂਦਾ ਹੈ ਜਿਵੇਂ ਪਾਕਿ-ਸਤਾਨ ਹਿੰਦੋਸਤਾਨ ਪੁਰ। ਇਸ ਕਰਕੇ ਸਾਡੇ ਕਾਲਜ ਤੇ ਵਿਸ਼ਵਵਿਦਿਆਲੇ ਹਰ ਸਾਲ ਇਕ ਭਾਰੀ ਗਿਣਤੀ ਵਿਚ ਵਿਦਿਆਰਥੀ ਭਰਤੀ ਕਰਦੇ ਹਨ। ਅਜ ਕਲ ਸਾਡੇ ਦੇਸ਼ ਵਿਚ ਲਗ ਪਗ ਦੋ ਲਖ ਪੰਜਾਹ ਹਜ਼ਾਰ ਵਿਦਿਆਰਥੀ ਉਚੇਰੀ ਵਿਦਿਆ ਦੇ ਖੇਤਰ ਵਿਚ ਪਰਵੇਸ਼ ਕਰ ਰਹੇ ਹਨ। ਭਾਰਤ ਵਿਚ ਵਿਦਿਆਰਥੀਆਂ ਦੀ ਕੁਲ ਸੰਖਿਆ ਸਤ ਕਰੋੜ ਹੈ ਅਤੇ ਟੀਚਰਾਂ ਦੀ ਵੀਹ ਲਖ ਤੋਂ ਵਧ ਹੈ।

ਸਿਆਣੇ, ਅੰਕੜਿਆਂ ਨੂੰ ਜਾਦੂ ਦੀਆਂ ਗੀਟੀਆਂ ਆਖਦੇ ਹਨ। ਇਨ੍ਹਾਂ ਗੀਟੀਆਂ ਨਾਲ ਜਿਹੋ ਜੇਹੀ ਸ਼ਕਲ ਕੋਈ ਬਣਾਣਾ ਚਾਹੇ ਬਣਾ ਲੈਂਦਾ ਹੈ। ਇਹ ਅੰਕੜੇ ਵੇਖ ਲੋਕੀਂ ਆਖਦੇ ਹਨ, ਭਾਰਤ ਵਿਦਿਆ ਦੇ ਖੇਤਰ ਵਿਚ ਤਰਕੀ ਕਰ ਰਿਹਾ ਹੈ। ਪਰ ਵਧ ਰਹੀ ਬੇਰੋਜ਼ਗਾਰੀ ਵੇਖ ਸਾਡੀ ਹਾਲਤ ਪਹਿਲੇ ਵਡੇ ਵਿਸ਼ਵ ਯੁਧ ਦੇ ਇਸ ਸ਼ੇਅਰ 'ਕਦਮ ਜਰਮਨ ਕਾ ਬੜ੍ਹਤਾ ਹੈ, ਫਤਹਿ ਇੰਗਲਿਸ਼ ਤਾਜ ਕੀ ਹੋਤੀ ਹੈ' ਵਰਗੀ ਹੈ। ਵਾਧਾ ਤਾਂ ਵਿਦਿਆ ਵਿਚ ਦਸਿਆ ਜਾਂਦਾ ਹੈ ਪਰ ਬੋਲ ਬਾਲਾ, ਬੇਰੋਜ਼ਗਾਰੀ, ਭ੍ਰਿਸ਼ਟਾਚਾਰ, ਸੁਆਰਥ, ਲੋਭ ਲਾਲਚ ਦਾ ਹੋ ਰਿਹਾ ਹੈ।

ਪਹਿਲੀ ਵਿਸ਼ਵ ਯੁਧ ਤੋਂ ਪਿਛੋਂ ਸੰਸਾਰ ਭਰ ਵਿਚ ਮੰਦਵਾੜਾ ਆ ਗਿਆ। ੧੯੩੦-੩੧ ਵਿਚ ਇਹ ਸਿਖਰ ਤੇ ਸੀ। ਤਦੋਂ ਸਚ ਮੁਚ ਹਾਲਤ ਇਹ ਸੀ ਕਿ ਬੰਦੇ ਨੂੰ ਅਫੀਮ ਖਾਣ ਲਈ ਪੈਸਾ ਨਹੀਂ ਸੀ ਲਭਦਾ। ਕਣਕ ਰੁਪਏ ਦੀ ੩੦ ਸੇਰ, ਘਿਉ ਸਵਾ ਸੇਰ, ਮਾਝੇ ਦੁਧ ਦਾ ਕੂਹਣੀ ਜੇਡਾ ਗਿਲਾਸ ਨਕੋ ਨਕ ਭਰਿਆ, ਪਿਸਤੇ ਤੇ ਮਲਾਈ ਵਾਲਾ ਛੇ ਪੈਸੇ, ਛਬੀ ਦੀ ਮਲਮਲ ਦੋ ਆਨੇ ਗਜ਼। ਅਜ ਜੇ ਕਿਸੇ ਨੂੰ ਇਹ ਗੱਲ ਦਸੀ ਜਾਏ, ਤਦ ਉਹ ਆਖਦਾ ਹੈ "ਬਾਬਾ ਕਿਹੜੇ ਜਹਾਨ ਦੀਆਂ ਗੱਲਾਂ ਕਰ ਰਹੇ ਹੋ, ਮਾਤ ਲੋਕ ਦੀਆਂ ਜਾਂ ਪਤਾਲ ਦੀਆਂ।"

ਅਪਰੈਲ ੧੯੩੦ ਵਿਚ ਮੈਂ ਕਾਲਜ ਦੀ ਪੜ੍ਹਾਈ ਮੁਕਾ ਇਮਤਿਹਾਨ ਦੇ ਪਿੰਡ ਗਿਆ। ਕੁਝ ਦਿਨ ਚੰਗੀ ਖਾਤਰ ਹੋਈ। ਮਾਤਾ ਆਖੇ ਪੜ੍ਹ ਪੜ੍ਹ ਮੁੰਡਾ ਕਮਜ਼ੋਰ ਹੋ ਗਿਆ ਹੈ। ਖਾਣ ਪੀਣ ਨੂੰ ਚੰਗਾ ਚੋਖਾ ਮਿਲੇ। ਪਿਤਾ ਜੀ ਵੀ ਕਦੇ ਕਦਾਈਂ ਬਦਾਮ, ਚਾਰ ਮਗਜ਼ਾਂ ਦੀ ਸਰਦਾਈ ਬਣਾ ਦੇਣ। ਉਨ੍ਹਾਂ ਦਾ ਖਿਆਲ ਸੀ ਕਿ ਉਨ੍ਹਾਂ ਦਾ ਦੁਧਾ ਮੱਖਣਾਂ, ਮਲਾਈਆਂ ਨਾਲ ਪਲਿਆ ਨੌਂ ਨਿਹਾਲ ਨਤੀਜਾ ਨਿਕਲਦਿਆਂ ਡਿਪਟੀ ਲਗ ਜਾਵੇਗਾ ਅਤੇ ਇੰਜ ਉਨ੍ਹਾਂ ਦਾ ਪਾਸਾ ਹੌਲਾ ਹੋ ਜਾਵੇਗਾ, ਮੈਂ ਵੀ ਆਪਣੇ ਆਪ ਨੂੰ ਰਬ ਸਮਝਣ ਲਗਾ, ਜਿਵੇਂ ਕਹਾਵਤ ਹੈ, 'ਖੋਤੀ ਥਾਣੇ ਹੋ ਆਈ ਹੈ'। ਮੈਂ ਵੀ ਪੇਂਡੂ ਅਨਪੜ੍ਹਾਂ ਨਾਲ ਹਥ ਮਿਲਾਣਾ ਤਾਂ ਕਿਧਰੇ ਰਿਹਾ ਅੱਖ ਨਾਲ ਅੱਖ ਮੇਲਣਾ ਹਤਕ ਖਿਆਲ ਕਰਦਾ ਸੀ। ਸ਼ੇਖ ਚਿਲੀ ਵਾਂਗ ਤਰ੍ਹਾਂ ਤਰ੍ਹਾਂ ਦੀਆਂ ਯੋਜਨਾ ਤਿਆਰ ਕਰਦਾ ਰਹਿੰਦਾ। ਮੇਰੀਆਂ ਗੱਲਾਂ ਸੁਣ ਮੇਰੇ ਮਿਤਰ ਦੋਸਤ ਮੈਨੂੰ

'ਸ਼ੇਖ ਚਿਲੀ' ਆਖਣ ਲਗ ਪਏ ।

ਜੂਨ ਦਾ ਮਹੀਨਾ ਆ ਗਿਆ, ਨਤੀਜੇ ਦੇ ਦਿਨ ਨੇੜੇ ਔਣ ਲਗੇ । ਮਨ ਕੁਝ ਬੇਚੈਨ ਰਹਿਣ ਲਗਾ । ਨੀਂਦਰ ਤੇ ਭੁਖ ਘਟ ਗਈਆਂ । ਦਿਨ ਵੇਲੇ ਗ਼ਮ-ਗਲਤ ਕਰਨ ਲਈ ਦੋਸਤਾਂ ਨਾਲ ਦੋ ਚਾਰ ਤਾਸ਼ ਦੀਆਂ ਬਾਜ਼ੀਆਂ ਜਾ ਖੇਲਦਾ । ਪਰ ਮੇਰੀ ਅੰਦਰਲੀ ਹਾਲਤ ਉਸ ਬੰਦੇ ਵਰਗੀ ਸੀ, ਜੇਹੜਾ ਦਿਲ ਪਰਚਾਉਣ ਲਈ ਟਿਕਟ ਖਰੀਦ ਸਿਨਮੇ ਜਾ ਬੈਠਦਾ ਹੈ । ਜਦ ਤਕ ਫਿਲਮ ਚਲਦੀ ਰਹਿੰਦੀ ਹੈ ਉਸ ਦਾ ਮਨ ਪਰਚਿਆ ਰਹਿੰਦਾ ਹੈ । ਪਿਕਚਰ ਮੁਕ ਜਾਣ ਪੁਰ ਉਹ ਬਾਹਰ ਆ ਜਾਂਦਾ ਹੈ । ਫਿਕਰ ਚਿੰਤਾ ਫਿਰ ਉਸ ਨਾਲ ਆ ਜਾਂਦੀਆਂ ਹਨ । ਓੜਕ ਨਤੀਜਾ ਨਿਕਲ ਗਿਆ । ਰਬ ਰਬ ਕਰਕੇ ਮੈਂ ਪਾਸ ਹੋ ਗਿਆ । ਘਰ ਵਿਚ ਖੁਸ਼ੀਆਂ ਮਨਾਈਆਂ ਗਈਆਂ, ਲਡੂ ਵੰਡੇ ਗਏ, ਭੈਣ ਭਰਾ, ਸਾਕ ਸਬੰਧੀ, ਦੋਸਤ ਮਿਤਰ ਵਧਾਈਆਂ ਦੇਣ ਆਏ, ਮੈਂ ਵੀ ਖੁਸ਼ੀ ਨਾਲ ਫੁਲਿਆ ਨਹੀਂ ਸੀ ਸਮਾਂਦਾ ।

ਹਫਤਾ ਕੁ ਲੰਘ ਗਿਆ । ਹੁਣ ਪ੍ਰਾਪਤੀ-ਅਪ੍ਰਾਪਤੀ ਵਿਚ ਤਬਦੀਲ ਹੋਣ ਲਗੀ । ਘਰ ਵਿਚ ਕਾਨਾ ਫੂਸੀਆਂ ਹੋਣ ਲਗੀਆਂ, ਜਿਨ੍ਹਾਂ ਦੀ ਕੰਨਸੋ ਮੈਨੂੰ ਵੀ ਪਈ । ਨੌਕਰੀ ਲਈ ਹਥ ਪੈਰ ਮਾਰਨ ਲਗਾ । ਕਈ ਥਾਈਂ ਅਰਜ਼ੀ ਘੱਲੀ । ਜੁਆਬ ਕਿਧਰੋਂ ਨਾ ਆਇਆ । ਵੇਹਲਿਆਂ ਦਿਨ ਪਹਾੜ ਜਿੱਡੇ ਲਗਣ ਲਗੇ । ਪਿਤਾ ਜੀ ਨੇ ਹਾਰ ਕੇ ਇਕ ਦਿਨ ਕਿਹਾ "ਪੁਤਰ, ਜੁਆਨ ਬੰਦੇ ਲਈ ਇੰਜ ਵੇਹਲਾ ਬੈਠ ਰਹਿਣਾ ਕਿਹੜਾ ਚੰਗਾ ਹੈ ।" ਮੈਂ ਉਨ੍ਹਾਂ ਨੂੰ ਵਿਸਵਾਸ਼ ਦਿਤਾ ਕਿ ਨੌਕਰੀ ਲਭ ਰਿਹਾ ਹਾਂ । ਛੇਤੀ ਮਿਲ ਜਾਣ ਦੀ ਉਮੀਦ ਹੈ । ਪਰ ਵਿਸ਼ਵਾਸ਼ ਨਾਲ ਪੇਟ ਤਾਂ ਨਹੀਂ ਭਰਦਾ । ਇਹ ਤਾਂ ਦੋ ਵੇਲੇ ਰੋਟੀ ਮੰਗਦਾ ਹੈ । ਖਿਆਲ ਆਇਆ ਪਿੰਡ ਵਿਚ ਨੌਕਰੀ ਕਿਥੇ ਧਰੀ ਪਈ ਹੈ । ਚਲ ਮਨਾਂ ਲਾਹੌਰ ਚਲ ਆਪਣੀ ਕਿਸਮਤ ਅਜ਼ਮਾਈ ਕਰੀਏ । ਲਾਹੌਰ ਲਈ ਤਿਆਰ ਹੋ ਗਿਆ ਜਿਥੇ ਅਗੇ ਮੈਨੂੰ ਸੱਧਰਾਂ ਤੇ ਚਾਵਾਂ ਨਾਲ ਘਰੋਂ ਵਿਦਾ ਕੀਤਾ ਜਾਂਦਾ ਸੀ, ਉਥੇ ਹੁਣ ਟੁਰਨ ਲਗਿਆਂ ਕਿਸੇ ਪਿਆਰ ਵੀ ਨਾ ਦਿਤਾ । ਭਰੇ ਪੀਘਰੇ ਦਿਲ ਨਾਲ ਮੈਂ ਪਿੰਡੋਂ ਟੁਰ ਆਇਆ ।

ਮੈਂ ਲਾਹੌਰ ਪੁਜ ਗਿਆ । ਉਹ ਲਾਹੌਰ ਜਿਸ ਨੂੰ ਵੇਖ ਕਦੇ ਦਿਲ ਗੁਲਾਬ ਵਾਂਗ ਖਿੜ ਜਾਂਦਾ ਸੀ, ਹੁਣ ਰੁਖਾ ਰੁਖਾ ਲਗਣ ਲਗਾ । ਪਤਾ ਨਹੀਂ ਗੁਲਾਬ ਜਦ ਮੁਰ ਜਾਂਦਾ ਹੈ ਉਸ ਦੀ ਜਲੌ ਤੇ ਗੰਦ ਕਿਥੇ ਚਲੇ ਜਾਂਦੇ ਹਨ । ਮੁਰਝਾਏ ਮਨ ਨਾਲ ਮੈਂ ਪਲੇਟ ਫਾਰਮ ਤੇ ਟਹਿਲਣ ਲਗਾ । ਜਾਵਾਂ ਤੇ ਕਿਥੇ ਜਾਵਾਂ ? ਇਨ੍ਹਾਂ ਸੋਚਾਂ ਵਿਚ ਇਕ ਟਾਂਗਾ ਨਜ਼ਰ ਪਿਆ । ਉਸ ਤੇ ਸਵਾਰ ਹੋ ਇਕ ਦੋਸਤ ਦੀ ਬੈਠਕ ਤੇ ਪੁਜਾ । ਉਨ੍ਹਾਂ ਜੀ ਆਇਆਂ ਕਿਹਾ, ਦੋ ਤਿੰਨਾਂ ਦਿਨਾਂ ਪਿਛੋਂ ਉਹ ਆਖਣ ਲਗੇ "ਸਾਡੇ ਬਾਲ ਬੱਚੇ ਆ ਰਹੇ ਹਨ, ਜਗ੍ਹਾ ਜ਼ਰਾ ਤੰਗ ਹੈ, ਮੈਂ ਭਾਂਪ ਗਿਆ ਕਿ ਉਹ ਚਾਹੁੰਦੇ ਹਨ ਕਿ ਮੈਂ ਉਥੋਂ ਬਿਸਤਰਾ ਗੋਲ ਕਰਾਂ । ਅਗਲੀ ਭਲਕ ਮੈਂ ਸਵੇਰੇ ਘਰੋਂ ਨਿਕਲ ਪਿਆ । ਜਦ ਆਪਣੇ ਕਾਲਜ ਦੇ ਨੇੜੇ ਪੁਜਾ ਤਦ ਵਿਦਿਆਰਥੀਆਂ ਨੂੰ ਵੇਖ ਆਪਣੇ ਕਾਲਜ ਦੇ ਦਿਨ ਯਾਦ ਆ ਗਏ । ਕਿਵੇਂ ਉਥੇ ਪੜ੍ਹਦਿਆਂ ਸੁਪਨੇ ਕਲਪੇ ਸਨ ਕਿ ਉਚ ਵਿਦਿਆ ਪ੍ਰਾਪਤ ਕਰ ਕੋਈ ਚੰਗੀ ਨੌਕਰੀ ਮਿਲ ਜਾਵੇਗੀ । ਹੁਣ ਦਰ ਦਰ ਦੇ ਧੱਕੇ ਖਾਂਦੇ ਦੀ ਇਕ ਆਹ ਨਿਕਲ ਗਈ । ਨੇੜੇ ਹੀ ਕਾਲਜ ਦੇ ਹਲਵਾਈ ਦੀ ਦੁਕਾਨ ਸੀ । ਉਥੋਂ ਪੂਰੀਆਂ ਤੇ ਲਸੀ ਛਕ, ਆਪਣੀ ਮਟਰ ਗਸ਼ਤ ਜਾਰੀ ਰਖੀ । ਹਲਵਾਈ ਨੇ ਸਮਝਿਆ ਮੈਂ ਹਾਲੀਂ ਕਾਲਜ ਵਿਚ ਪੜ੍ਹਦਾ ਹਾਂ । ਹਫਤੇ ਪਿਛੋਂ ਜਦ ਉਸ ਪੈਸੇ ਮਗੇ ਤਦ ਮੈਂ ਕਿਹਾ, "ਨੌਕਰੀ ਦੀ ਤਲਾਸ਼ ਵਿਚ ਹਾਂ ਅਤੇ ਨੌਕਰੀ ਲਗਦਿਆਂ ਹੀ ਉਸ ਦਾ ਹਿਸਾਬ ਚੁਕਾ ਦੇਵਾਂਗਾ ।" ਮੇਰੀ ਗਲ ਸੁਣ ਉਸ ਨੇ ਹੋਰ ਉਧਾਰ ਦੇਣਾ ਬੰਦ ਕਰ ਦਿਤਾ ।

ਇਕ ਚੀਨੀ ਪੁਰਾਣੀ ਕਹਾਵਤ ਹੈ,"ਆਦਮੀ ਬੀਮਾਰੀ ਦਾ ਇਲਾਜ ਤਾਂ ਕਰ ਸਕਦਾ ਹੈ ਪਰ ਕਿਸਮਤ ਦਾ ਨਹੀਂ" ਮੇਰਾ ਵੀ ਇਹੋ ਹਾਲ ਸੀ । ਨੌਕਰੀ ਲਈ ਬਥੇਰੀਆਂ ਟਕਰਾਂ ਮਾਰੀਆਂ ਪਰ ਅਸਫਲ ਰਿਹਾ । ਖਿਆਲ ਆਇਆ ਇਹ ਮੇਰੀ ਕਿਸਮਤ ਵਿਚ ਨਹੀਂ । ਕੋਸ਼ਸ਼ ਜਾਰੀ ਰਖੀ ਇਸ ਤੋਂ ਬਿਨਾਂ ਮੇਰੇ ਪਾਸ ਹੋਰ ਚਾਰਾ ਹੀ ਕੀ ਸੀ ?

ਮੈਂ ਬੁਨਿਆਦੀ ਤੌਰ ਉਤੇ ਬੜਾ ਹਿਸਾਬੀ ਹਾਂ । ਪੋਠੋਹਾਰੀ ਖਤਰਮੇ ਦੀ ਗੁੜ੍ਹਤੀ ਮੇਰੇ ਅੰਦਰ ਰਚੀ ਹੋਈ ਹੈ । ਫੂਕ ਫੂਕ ਕੇ ਕਦਮ ਧਰਨ ਦੀ ਮੈਨੂੰ ਵਾਦੀ ਹੈ । ਪਰ ਭੁਖ ਆਦਮੀ ਨੂੰ ਸਭ ਕੁਝ ਕਰਨ ਲਈ ਮਜਬੂਰ ਕਰ ਦੇਂਦੀ ਹੈ । ਨਹੀਂ, ਭੁਖ ਤਾਂ ਆਦਮੀ ਨੂੰ ਜਾਨਵਰ ਬਣਾ ਦੇਂਦੀ ਹੈ । ਸਭ ਕੁਝ ਕਰ ਗੁਜ਼ਰਣ ਵਾਲਾ ਦੈਂਤ ਬਣਾ ਦੇਂਦੀ ਹੈ । ਮੇਰੇ ਇਕ ਜਮਾਤੀ ਦੇ ਪਿਤਾ ਜੀ ਪੰਜਾਬ ਸਰਕਾਰ ਦੀ ਸਕਤਰੇਤ ਵਿਚ ਨੌਕਰ ਸਨ । ਮੈਂ ਉਨ੍ਹਾਂ ਨਾਲ ਆਪਣਾ ਦੁਖ ਸੁਖ ਸਾਂਝਾ ਕੀਤਾ । ਮੇਰੇ ਨਾਲ ਹਮ-ਦਰਦੀ ਪ੍ਰਗਟ ਕਰਦੇ ਆਖਣ ਲਗੇ, "ਅਜ ਕਲ ਨੌਕਰੀ ਮਿਲਣੀ ਕਠਨ ਹੈ । ਇਸ ਲਈ ਜਾਂ ਕੋਈ ਗਾਡ ਫਾਦਰ ਹੋਵੇ ਜਾਂ ਪੈਸੇ ਗਾਡ ਫਾਦਰ ਮੇਰਾ ਸੀ ਨਹੀਂ, ਤੇ ਜੇਬੋਂ ਮੈਂ ਹੌਲਾ ਸੀ । ਲਾਲਚ ਬੁਰੀ ਬਲਾ ਹੈ । ਉਨ੍ਹਾਂ ਤੋਂ ਵਿਛੜਨ ਲਗਿਆਂ ਮੈਂ ਪੁਛਿਆ, "ਕਿਤਨੇ ਕੁ ਪੈਸਿਆਂ ਨਾਲ ਕੰਮ ਬਣ ਸਕਦਾ ਹੈ ?" ਆਖਣ ਲਗੇ, 'ਹੈਡ-ਕਲਰਕ ਦੀ ਮੁਠੀ ਗਰਮ ਕਰਨੀ ਪਵੇਗੀ ਸ਼ਾਇਦ ਪੰਜ ਸੱਤ ਰੁਪਏ ਦੇਣੇ ਪੈਣ ।' ਇਹ ਸੁਣ ਮੈਂ ਸੋਚੀਂ ਪੈ ਗਿਆ । ਰਿਸ਼ਵਤ ਦੇਵਾਂ ਕਿ ਨਾਂਹ । ਮਨ ਨੇ ਬਥੇਰੀਆਂ ਲਾਹਨਤਾਂ ਪਾਈਆਂ ਪਰ ਨੌਕਰੀ ਦੇ ਲਾਲਚ ਦਾ ਹਲ-ਕਾਇਆ ਮੈਂ ਨੀਵੇਂ ਤੋਂ ਨੀਵਾਂ ਕੰਮ ਕਰਨ ਲਈ ਤਿਆਰ ਹੋ ਗਿਆ । ਉਥੋਂ ਸਿਧਾ ਇਕ ਰਿਸ਼ਤੇਦਾਰ ਦੇ ਘਰ ਗਿਆ । ਉਸ ਕੋਲੋਂ ਪੰਜ ਰੁਪਏ ਉਧਾਰੇ ਲੈ ਇਨ੍ਹਾਂ ਨੂੰ ਜੇਬ ਵਿਚ ਛਣਕਾਂਦਾ ਘਰ ਆ ਗਿਆ ।

ਰਿਸ਼ਵਤ ਲੈਣ ਨਾਲੋਂ ਦੇਣੀ ਬੜੀ ਔਖੀ ਹੈ । ਰਾਤ ਸੋਚਾਂ ਵਿਚ ਤਾਰੇ ਗਿਣਦਿਆਂ ਲੰਘੀ ਕਿ ਹੈਡ ਕਲਰਕ ਨੂੰ ਰੁਪਏ ਕਿਵੇਂ ਭੇਟਾ ਕੀਤੇ ਜਾਣ ? ਕੁਝ ਨਾ ਸਮਝ ਆਈ । ਅੰਤ ਆਪਣੇ ਦੋਸਤ ਪਾਸ ਫਿਰ ਗਿਆ । ਉਹ ਨੇ ਕਈ ਪਤਣਾਂ ਦਾ ਪਾਣੀ ਪੀਤਾ ਹੋਇਆ ਸੀ । ਆਖਣ ਲਗਾ "ਵਾਹ ਭਾਈ ਸਾਹਿਬ ਵਾਹ ! ਇਹ ਵੀ ਕੋਈ ਮੁਸ਼ਕਲ ਹੈ । ਅਰਜ਼ੀ ਮੇਜ਼ ਤੇ ਰਖ, ਚੁਪ ਕਰਕੇ ਹੌਲੇ ਜੇਹੇ ਰੁਪਏ ਉਸ ਦੀ ਜੇਬ ਵਿਚ ਪਾ ਦੇਣੇ" ਉਨ੍ਹਾਂ ਦੀ ਦਸੀ ਤਜਵੀਜ਼ ਨੂੰ ਮੁੜ ਮੁੜ ਸੋਚਦਾ ਰਿਹਾ । ਪਰ ਪੰਜਾਬੀ

ਹੀ ਕਹਾਵਤ 'ਬਿੱਲੀ ਦੇ ਗਲੇ ਵਿਚ ਟੱਲੀ ਕੌਣ ਬੰਨ੍ਹੇ' ? ਅਨੁਸਾਰ ਹਿੰਮਤ ਕਿਥੇ ਸੀ। ਇਕ ਦਿਨ ਹੋਰ ਲੰਘ ਗਿਆ। ਹਾਰ ਕੇ ਫੈਸਲਾ ਕੀਤਾ ਕਿ ਅਗਲੀ ਭਲਕ ਹੈਡਕਲਰਕ ਦੀ ਦਰਸ਼ਨ ਭੇਟ ਜ਼ਰੂਰ ਪੇਸ਼ ਕਰਨੀ ਹੈ।

ਦਿਨ ਗਰਮੀਆਂ ਦੇ ਸਨ। ਸੂਰਜ ਹਾਲੀਂ ਅਸਮਾਨ ਵਿਚ ਥੋੜਾ ਹੀ ਉਚਾ ਹੋਇਆ ਸੀ। ਮੈਂ ਘਰੋਂ ਪੈਦਲ ਟੁਰ ਪਿਆ। ਕੋਈ ਨੌਂ ਕੁ ਬਜੇ ਦਫਤਰ ਦੇ ਬਾਹਰ ਲਾਅਨ ਵਿਚ ਜਾ ਬੈਠਾ। ਬਾਬੂ ਇਕ ਇਕ ਕਰਕੇ ਲੰਘ ਰਹੇ ਸਨ। ਮੈਂ ਮਨ ਹੀ ਮਨ ਵਿਚ ਸੋਚ ਰਿਹਾ ਸੀ ਕਿ ਮੈਂ ਵੀ ਹੁਣ ਛੇਤੀ ਹੀ ਇਸ ਲਾਮਡੋਰੀ ਵਿਚ ਭਰਤੀ ਹੋ ਜਾਵਾਂਗਾ, ਪਰ ਕਿਸਮਤ ਨੂੰ ਕੁਝ ਹੋਰ ਮਨਜ਼ੂਰ ਸੀ।

ਕੋਈ ਦਸ ਬਜੇ ਦੇ ਕਰੀਬ ਹੈਡਕਲਰਕ ਸਾਹਿਬ ਆਏ। ਉਨ੍ਹਾਂ ਦੇ ਆਦਰ ਵਿਚ ਕਮਰੇ ਵਿਚ ਬੈਠੇ ਬਾਬੂ ਖੜੇ ਹੋ ਗਏ। ਉਨ੍ਹਾਂ ਇਕ ਪਤਲਾ ਦੁਬਲਾ ਜੇਹਾ ਦੁਆਬੀਆ, ਅੱਖਾਂ ਤੇ ਐਨਕ ਲਾਈ ਅਤੇ ਪੁਰਾਣੀ ਵਜ਼ਾ ਦਾ ਕੋਟ ਪਾਏ ਚਪੜਾਸੀ ਨੂੰ ਛਤਰੀ ਫੜਾ ਕੁਰਸੀ ਤੇ ਬੈਠ ਗਿਆ। ਉਸ ਦਾ ਸਰੀਰ ਕੁਰਸੀ ਨੂੰ ਹਿਲਾ ਰਿਹਾ ਸੀ। ਕੂਹਣੀਆਂ ਮੇਜ਼ ਤੇ ਰਖ ਉਹ ਆਪਣੇ ਸਾਥੀਆਂ ਨਾਲ ਗਲੀਂ ਲਗ ਪਿਆ। ਮੈਂ ਮੌਕੇ ਦੀ ਤਲਾਸ਼ ਵਿਚ ਸੀ! ਗਲਾਂ ਬੰਦ ਕਰ ਉਹ ਫਾਈਲਾਂ ਵੇਖਣ ਲਗ ਪਿਆ। ਮੈਂ ਵੀ ਚਪੜਾਸੀ ਤੋਂ ਅੱਖ ਬਚਾ, ਅੰਦਰ ਲੰਘ ਗਿਆ। ਅਰਜ਼ੀ ਮੇਜ਼ ਤੇ ਜਾ ਰਖੀ। ਉਸ ਐਨਕ 'ਚੋਂ ਮੇਰੇ ਵਲ ਵੇਖਿਆ। ਜ਼ਰਾ ਕੁ ਮਸਨੂਈ ਹਾਸਾ ਇੰਜ ਹਸਿਆ, ਜਿਵੇਂ ਸਾਡੇ ਪਿੰਡ ਦਾ ਨਾਨਕੂ ਕਰਾੜ ਕਿਸੇ ਨਵੀਂ ਫਸੀ ਮੁਰਗੀ ਨੂੰ ਵੇਖ ਹਸਦਾ ਹੁੰਦਾ ਸੀ। ਹੁਣ ਮੈਨੂੰ ਥੋੜਾ ਜੇਹਾ ਹੌਸਲਾ ਹੋ ਗਿਆ। ਅਰਜ਼ੀ ਪੜ੍ਹ ਉਹ ਚੁਪ ਹੋ ਗਿਆ। ਮੇਰਾ ਦਿਲ ਖੂਹ ਦੇ ਡੋਲ ਵਾਂਗ ਹੇਠਾਂ ਲਹਿਣ ਲਗਾ। ਪਰ ਮੈਂ ਹਿੰਮਤ ਕਰ ਜ਼ਰਾ ਨੇੜੇ ਹੋ ਪੰਜ ਰੁਪਏ ਜਿਹੜੇ ਮੈਂ ਨਾਲ ਲੈ ਗਿਆ ਸੀ, ਉਨ੍ਹਾਂ ਦੀ ਜੇਬ ਵਿਚ ਪਾ ਦਿਤੇ। ਬਦਕਿਸਮਤੀ ਨਾਲ ਉਨ੍ਹਾਂ ਦੀ ਜੇਬ ਫਟੀ ਹੋਈ ਸੀ। ਚਾਂਦੀ ਦੇ ਉਹ ਰੁਪਏ ਛਣ ਛਣ ਕਰਦੇ ਫਰਸ਼ ਤੇ ਡਿਗ ਪਏ। ਉਨ੍ਹਾਂ ਦੀ ਛਣਕਾਰ ਸੁਣ ਸਾਰੀਆਂ ਅੱਖਾਂ ਮੇਰੇ ਵਲ ਲਗ ਗਈਆਂ। ਮੈਨੂੰ ਹੱਥਾਂ ਪੈਰਾਂ ਦੀ ਪੈ ਗਈ। ਘਬਰਾਹਟ ਵਿਚ ਸੁਝੇ ਕੁਝ ਨਾ। ਉਨ੍ਹਾਂ ਬਥੇਰੀਆਂ ਆਵਾਜ਼ਾਂ ਮਾਰੀਆਂ ਪਰ ਮੈਨੂੰ ਸਜੇ ਖਬੇ ਜਾਂ ਪਿਛੇ ਵੇਖਣ ਦੀ ਵਿਹਲ ਕਿਥੇ ਸੀ। ਮੈਂ ਦੁਮ ਦਬਾ ਇੰਜ ਨਸਿਆ ਜਿਵੇਂ ਕੋਈ ਚੋਰ, ਚੋਰੀ ਕਰਦਿਆਂ ਨਜ਼ਰ ਪੈਣ ਤੇ ਭਜ ਨਿਕਲਦਾ ਹੈ! ਮੈਂ ਵਾਹੋ ਦਾਹੀ ਪਾਗਲਾਂ ਵਾਂਗ ਦੌੜਦਾ ਜਾਂਦਾ ਸੀ। ਮੇਰੇ ਮੰਦੇ ਭਾਗਾਂ ਨੂੰ ਨੇੜੇ ਹੀ ਪੁਲੀਸ ਥਾਣਾ ਸੀ। ਉਸ ਦੇ ਬਾਹਰ ਇਕ ਪੁਲਸੀਆ ਬੰਦੂਕ ਫੜੀ ਪਹਿਰੇ ਤੇ ਖੜਾ ਸੀ। ਉਸ ਨੇ ਮੈਨੂੰ ਫੜ ਲਿਆ। ਜਦ ਉਸ ਨੂੰ ਮੈਂ ਆਪਣੀ ਕਰਤੂਤ ਦਸੀ, ਤਦ ਪਤਾ ਨਹੀਂ ਕਿੰਨੀ ਦੇਰ ਉਸ ਦੇ ਹਾਸੇ ਤੇ ਵਡੇ ਵਡੇ ਫੂਨ ਨਿਕਲਦੇ ਤੇ ਫਟਦੇ ਰਹੇ।

●


# ਭਾਰਤੀ ਆਰਟ ਜਿਊਲਰਜ਼

ORIENTAL SILVER AND GOLD JEWELRY REPAIRING



NEW STORE

9.00 A.M. TO 6.30 P.M.

**BHARTI ART JEWELLERS**

*Specialist in East Indian Jewelry Craftware*

RASIK PAREKH — 865 KINGSWAY NEAR FRASER
RES: 879-5610 — VANCOUVER B.C. CANADA
STORE 874-9448 — V5V 3C2

WE ALSO TAKE ORDERS FOR
MARRIAGE PARTY PHOTOS & GROUP PHOTOS

CONTACT : RAJ

B. R. CONTRACTORS

for

ELECTRICAL WIRING
IN

NEW HOUSES (RESIDENTIAL, COMMERCIAL & DOMESTIC)
INSTALLATION AND REPAIRS OF WASHERS, DRYERS AND STOVES

FRAMING

FOR CUSTOM HOMES (COMMERCIAL, RESIDENTIAL AND INDUSTRIAL) plus RENOVATIONS

ALL TYPES OF

BACK HOE SERVICE

DIGGING, TRENCHING, SEWERS, BACK FILLING ETC.



600—Rubber wheeled backhoe

CONTACT:
TARLOCHAN BAINS

1363—E. 12th Avenue,
Vancouver, B.C.

Business: [illegible]

Mobile phone: [illegible] (via operator)

THINKING OF TRAVEL?

WE CAN SAVE TIME AND TROUBLE!

Groups — Charter — Excursion

PAY LATER

Special Immigrant Fares available

4160 FRASER STREET
VANCOUVER 10, B.C.
PHONE 872-7658

# GOYAL TRAVELS

ASSOCIATED OFFICES

NEAR COURTS, MOGA
PUNJAB, INDIA
PHONE 798

NEAR COURTS, JAGRAON
PUNJAB, INDIA
PHONE 252

FOR

LIFE INSURANCE

EDUCATION PLAN

MORTGAGE PLAN

**Retirement registered Saving Plan and all other kinds of insurance**

**Contact**

# DALJIT SANDHU

ਤੋਂ

## National Life of Canada

Suite 501, 1155—West Pender Street
Vancouver, B.C. Phone: 685-7231

ਹਰ ਕਿਸਮ ਦੇ ਬੀਮੇ ਲਈ ਤੁਹਾਡੇ ਸੁਪਤ੍ਰ
ਅਤੇ ਤਜਰਬੇਕਾਰ ਸਹਾਇਕ:-

**ਦਲਜੀਤ ਸੰਧੂ**



**Office** 685-7231 **Residence** 278-0491

THERE'S LIFE AT MARS

**MARS REALTY LTD.**
5467 VICTORIA DR., VANCOUVER, B.C.



**BUS. 327-8315**
**RES. 433-3334**

**For all kinds of real estate services, contact**

**DARSHAN BRAR, M.A.**

**Member Medallion Club of Real Estate Board of Greater Vancouver.**

**Mortgages — Aprraisals — Rentals — Sales**

# HARPAL TOOR



OF

**MELTON**

FORMERLY A. E. AUSTIN

1435 KINGSWAY
VANCOUVER, B.C.

**Specialists in**

* HOMES — New or old
* APARTMENT Blocks or Revenue
* FARMS, Acres or Lots

**or any other real estate service**

MOBILE RADIO 38
OFFICE: 879-7571 RES.: 524-9848

# Hi, There!
# We Care For Repair

ਹਰ ਕਿਸਮ ਦੇ ਟੈਲੀਵੀਜ਼ਨ,
ਸਟੀਰੀਓ, ਟੇਪ ਰੀਕਾਰਡਰ, ਰੇਡੀਓ ਅਤੇ ਫ਼ੋਨੋਗਰਾਫ਼
ਦੀ ਤਸੱਲੀਬਖ਼ਸ਼ ਮੁਰੰਮਤ ਲਈ ਹਮੇਸ਼ਾਂ ਯਾਦ ਰੱਖੋ:

## ਟਰਾਂਸ-ਕੈਨੇਡਾ ਟੀ.ਵੀ
## TRANS-CANADA T.V.

14370—104 AVE., SURREY, B.C.

(guaranteed repair of color & B/W T.V.'s, stereos, Hi-Fi, Tape Recorders, Radios & Phonographs).

**PHONE: 588-7525 OR 588-2296**

OPENS 8 A.M. TO 10 P.M.

We install car-radios & tape deck.

**BLOCK BB BROS.**

**BLOCK BROS. REALTY LTD.**
A DIVISION OF BLOCK BROS. INDUSTRIES LTD.
9360 - 120 Street, Surrey, B.C.
581-4601



**Darshan Uppal**
Res.: 594-8758

ਹਰ ਤਰ੍ਹਾਂ ਦੀ ਜਾਇਦਾਦ ਖ਼ਰੀਦਣ ਜਾਂ ਵੇਚਣ ਲਈ ਤੁਹਾਡੇ
ਨਵੇਂ ਸਹਾਇਕ

**ਦਰਸ਼ਨ ਉੱਪਲ**

581-4601 594-8758

## GILL INSURANCE SERVICES CO. LTD.

**B—3905 Knight Street**
**at Kingsway)**
**Vancouver, B.C.**

**AUTO - FIRE - LIFE**

**OFF.: 879-5522 RES.: 434-7757**

**ਗਿੱਲ ਇਨਸ਼ੋਅਰੈਂਸ**
**ਸਰਵਿਸਜ਼ ਕੰਪਨੀ ਲਿਮਿਟਡ**
(ਸੁਰਜੀਤ ਗਿੱਲ)

# Top Priority

Anything more important than your family's future?
Put first things first with common sense life insurance.
Call me today.

ਅਜੀਤ ਸਿੰਘ



**Ajit Sidhu**
Sales Representative
**President's Council**

## AJIT SIDHU

**is a professional all the way. The needs of his clients have always been his major concern. This dedication and service to his policyholders has ranked Ajit among the leading sales representatives of Metropolitan Life. He is also a member of the Life Underwriters Association of Canada.**

**Mr. Sidhu lives with his wife and family in Surrey, and is associated with the Company's District Sales Office at 550 - 6th Street, in New Westminster, B.C. Sound insurance counselling can be obtained by telephoning him at 524-3601, or at his residence by dialing 584-4516.**

***Dedication to his many policyholders marks him as a true professional, and we at Metropolitan take great pride in Ajit Sidhu.***

Vice-President

550 6th Street
New Westminster, B C
Office 524-3601
Residence 584-4516

**METROPOLITAN LIFE**

# AWAN'S TEXACO SERVICE

**REGD. AWAN MOTORS LTD.**

**WE UNDERSTAND THE MECHANICS OF CARS & HOW TO SERVICE THEM. SEE US FOR: BATTERIES; OIL CHANGE; RINGS; VALVES; GENERAL AUTO REPAIRS.**

**1690 NANAIMO (at 1st Ave.)**
**VANCOUVER, B.C. V5L 4V1**
**PHONE: 254-8818**

***ANWAR AWAN MAHMOOD AWAN***

## NOW SELF SERVICE

ਪੰਜਾਬੀ ਦਾ ਸਾਹਿੱਤਕ ਤੇ ਸੱਭਿਆਚਾਰਕ ਮਾਸਕ-ਪੱਤਰ : ਵਤਨੋਂ ਦੂਰ
LITERARY & CULTURAL MONTHLY OF PANJABI
THE WATNO DŪR
P.O. Box 1041, Coquitlam, B.C., Canada, V3J 6Z4
Second Class Mail Registration No. 3233
VOL. 3 NOVEMBER, 1975 S. NO. 29

# THE WATNO DŪR




MAILING ADDRESS:
POST BOX NO. 1041
COQUITLAM, B.C. CANADA
V3J 6Z4

OFFICE ADDRESS:
No. 214–1956 WEST BROADWAY
VANCOUVER, B.C. CANADA
V6J 1Z2

(SERVING PANJABI LITERATURE IN CANADA SINCE JULY 1973)

TELEPHONE: 734-1413

ਪੰਜਾਬੀ ਦਾ ਸਾਹਿੱਤਕ ਤੇ ਸੱਭਿਆਚਾਰਕ ਮਾਸਕ-ਪੱਤਰ 'ਵਤਨੋਂ ਦੂਰ'
ਆਪ ਪੜ੍ਹੋ ਤੇ ਹੋਰਾਂ ਨੂੰ ਪੜ੍ਹਾਓ... ... ...!

ਵਤਨੋਂ ਦੂਰ ਜੁਲਾਈ 1973 ਤੋਂ ਕੈਨੇਡਾ ਵਿੱਚ ਪੰਜਾਬੀ ਪ੍ਰੈੱਸ ਦੀ ਅਣਹੋਂਦ ਦੇ ਬਾਵਜੂਦ ਵੀ ਲਗਾਤਾਰ ਮਾਂ ਬੋਲੀ ਪੰਜਾਬੀ ਦੀ ਸੇਵਾ ਕਰ ਰਿਹਾ ਹੈ।

ਵਤਨੋਂ ਦੂਰ ਸਾਹਿਤ, ਕਲਾ ਤੇ ਜੀਵਨ ਦੇ ਆਪਸੀ ਸੰਬੰਧਾਂ ਤੇ ਭਰਪੂਰ ਰੌਸ਼ਨੀ ਪਾਉਂਦਾ ਹੈ।

ਵਤਨੋਂ ਦੂਰ ਕੈਨੇਡਾ ਦੇ ਪੰਜਾਬੀ ਸਾਹਿੱਤ ਵਿੱਚ ਅਗਾਂਹਵਧੂ, ਨਿੱਗਰ ਤੇ ਸਿਹਤਮੰਦ ਵਿਚਾਰਾਂ ਦਾ ਪ੍ਰਤੀਕ ਹੈ।

ਵਤਨੋਂ ਦੂਰ ਹਰ ਤਰ੍ਹਾਂ ਦੀਆਂ ਧੜੇਬੰਦੀਆਂ, ਕੁਰਸ਼ੀਆਂ ਰਾਜਨੀਤਕ ਸਰਗਰਮੀਆਂ ਅਤੇ ਪਿਛਾਂਹਖਿੱਚੂ ਫ਼ਿਰਕੂ ਭਾਵਨਾਵਾਂ ਤੋਂ ਨਿਰਲੇਪ ਹੈ।

* ਕੀ ਤੁਹਾਨੂੰ ਕਦੇ ਨਮੂਨੇ ਦਾ ਪਰਚਾ ਮਿਲਿਆ ਹੈ ਜਿਸ ਉਤੇ "SAMPLE COPY– PLEASE SUBSCRIBE!" ਸ਼ਬਦਾਂ ਵਾਲੀ ਮੁਹਰ ਲੱਗੀ ਹੋਵੇ? ... ... ਆਪ ਸਾਲਾਨਾ ਮੈਂਬਰ ਬਣੋ ਤੇ ਹੋਰਾਂ ਨੂੰ ਮੈਂਬਰ ਬਣਨ ਲਈ ਪਰੇਰੋ!
* ਕੀ ਤੁਹਾਨੂੰ ਕਦੇ ਇਕ ਹੀ ਮਹੀਨੇ ਦੇ ਇਕ ਤੋਂ ਵੱਧ ਪਰਚੇ ਮਿਲੇ ਹਨ? ... ਬਾਕੀ ਪਰਚੇ ਹੋਰ ਸਾਹਿੱਤ-ਸਨੇਹੀਆਂ ਨੂੰ ਦੇ ਕੇ ਕੈਨੇਡਾ ਵਿੱਚ ਪੰਜਾਬੀ ਪਾਠਕਾਂ ਦਾ ਘੇਰਾ ਵਿਸ਼ਾਲ ਕਰੋ!

ਸਾਲਾਨਾ ਚੰਦਾ: ਪੰਜ ਡਾਲਰ ਛਿਮਾਹੀ: ਤਿੰਨ ਡਾਲਰ